SATJUG
1920 ਤੋਂ ਸਾਲ 99 ਵਾਂ

Price:Rs.5/-

ਸਤਜੁਗਿ ਸਚੁ ਕਹੈ ਸਭੁ ਕੋਈ ॥

ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ

੧੭ ਪੋਹ ਤੋਂ ੨ ਮਾਘ ੨੦੭੬
1 To 15 Jan. 2020

ਜਿਲਦ 27
ਨੰਬਰ 22
Total Pages 48

ਕਰਤਾਰ ਕੀ ਸੌਗੰਦ ਹੈ ਨਾਨਕ ਕੀ ਕਸਮ ਹੈ ।
ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ਼ ਵੁਹ ਕਮ ਹੈ
'ਹਰ ਚੰਦ ਮਿਰੇ ਹਾਥ ਮੇਂ ਪੁਰਜ਼ੋਰ ਕਲਮ ਹੈ।
ਸਤਿਗੁਰ ਕੇ ਲਿਖੂੰ ਵਸਫ਼ ਕਹਾਂ ਤਾਬਿ ਰਕਮ ਹੈ ।
ਇਕ ਆਂਖ ਸੇ ਕਿਆ ਬੁਲਬੁਲਾ ਕੁਲ ਬਹਿਰ ਕੋ ਦੇਖੇ।
'ਸਾਹਿਲ ਕੋ ਯਾ ਮੰਝਦਾਰ ਕੋ ਯਾ ਲਹਿਰ ਕੋ ਦੇਖੇ।

ਹਕੀਮ ਅੱਲਾ ਯਾਰ ਖਾਂ ਯੋਗੀ

Sri Satguru Jagjit Singh Ji Elibrary NamdhariElibrary@gmail.com

ਸਜਣ ਮੇਰੇ ਰੰਗੁਲੇ



ਨਾਮਧਾਰੀ ਪੰਥ ਦੀ ਮਾਇਆ ਨਾਜ਼ ਸਖ਼ਸ਼ੀਅਤ, ਮਹਾਂਦਾਨੀ, ਮਿੱਠ ਬੋਲੜੇ ਗੁਰਮੁਖ ਜੀਊੜੇ ਸੰਤ ਹਰਭਜਨ ਸਿੰਘ ਜੀ ਔਰੰਗਾਬਾਦ ਵਾਲੇ ਪਿਛਲੀ ਦਿਨੀਂ ਗੁਰਪੁਰੀ ਪਿਆਨਾ ਕਰ ਗਏ ਹਨ। ਅਦਾਰਾ ਸਤਿਜੁਗ ਸਭ ਸੱਜਣਾਂ ਸਨੇਹੀਆਂ ਨਾਲ ਦਿਲੀ ਹਮਦਰਦੀ ਜ਼ਾਹਿਰ ਕਰਦਾ ਹੋਇਆ ਗੁਰੂ ਚਰਨਾਂ ਵਿੱਚ ਅਰਜ਼ੋਈ ਕਰਦਾ ਹੈ ਕਿ ਪਾਤਸ਼ਾਹ, ਸੰਤ ਜੀ ਨੂੰ ਸਦੀਵ ਕਾਲ ਨਿੱਜ ਚਰਨਾਂ ਵਿੱਚ ਨਿਵਾਸ ਬਖਸ਼ਣ।

ਸ੍ਰੀ ਸਤਿਗੁਰੂ ਜੀ ਸੇਠ ਹਰਭਜਨ ਸਿੰਘ ਔਰੰਗਾਬਾਦ ਵਾਲਿਆਂ ਦੇ ਭੋਗ ਤੇ ਦਰਸ਼ਨ ਦਿੰਦੇ ਹੋਏ

ਪ੍ਰਿੰ. ਪ੍ਰੇਮ ਸਿੰਘ ਬਜਾਜ

ਉੱਘੇ ਸਿੱਖਿਆ ਸ਼ਾਸਤਰੀ ਅਤੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀ ਰੈਫਰੈਂਸ ਲਾਇਬਰੇਰੀ ਦੇ ਡਾਇਰੈਕਟਰ ਪ੍ਰਿੰ. ਪ੍ਰੇਮ ਸਿੰਘ ਬਜਾਜ ਹੋਰਾਂ ਦੇ ਅਕਾਲ ਚਲਾਣੇ 'ਤੇ ਅਦਾਰਾ ਸਤਿਜੁਗ ਡੂੰਘੇ ਦੁੱਖ ਦਾ ਅਹਿਸਾਸ ਕਰਦਾ ਹੈ।

ਪਰਿਵਾਰਕ ਸੰਬੰਧੀਆਂ ਅਤੇ ਸੱਜਣ-ਸਨੇਹੀਆਂ ਨਾਲ ਦਿੱਲੀ ਹਮਦਰਦੀ ਪ੍ਰਗਟਾਉਂਦਾ ਹੋਇਆ ਪਰਮਾਤਮਾ ਅੱਗੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕਰਦਾ ਹੈ।

ਸਤਿਜੁਗ

੧੭ ਪੋਹ ਤੋਂ ੨ ਮਾਘ ੨੦੭੬ ਬ੍ਰਿ.
1 ਤੋਂ 15 ਜਨਵਰੀ 2020 ਈ:

ਜਿਲਦ 27, ਨੰਬਰ 22

ਸਤਿਜੁਗ:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015

Editorial Board:

Harvendra Singh Hanspal
Suwarn Singh Virk
Gurbhej Singh Guraya
Nishan Singh
Harpal Singh Sewak

Printed and Published by
Mr. Harvendra Singh Hanspal
on behalf of Namdhari Darbar.
Printed at Summit advertising press,
2DLF (Part), Moti Nagar, New Delhi
and Published from Namdhari Gurdwara,
Ramesh Nagar, New Delhi-110015.

Date of Publication: 8-1-2020,
Date of Posting: 9-10 Dec. 2020
Posted at PSO New Delhi-110001

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

Account Name: Vishav Namdhari Sangat
A/c: 13101450000043
Ifsc code: HDFC0001310

ਇਕ ਸਾਲ : ਦੇਸ - 300 ਰੁ:, ਪ੍ਰਦੇਸ- 70$ USਧ ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 280$USD ਡਾਲਰ

Designed and Typeset by Hakam Singh
Vishav Namdhari Sangat, Sri Bhaini Sahib
satjug@sribhainisahib.com

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099
99147-02201

ਤਤਕਰਾ

* ਸੰਪਾਦਕੀ-- ਸਤਿਗੁਰੁ ਪੁਰਖੁ ਅਗੰਮੁ ਹੈ.....
ਨਿਸ਼ਾਨ ਸਿੰਘ ਕਥਾਕਾਰ.....4

* ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ.....6

* ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ 7

* ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ
ਵਰਿਆਮ ਸਿੰਘ ਸੰਧੂ 9

* ਅਸਾਵੀਂ ਜੰਗ
ਨਿਸ਼ਾਨ ਸਿੰਘ ਕਥਾਕਾਰ 12

* ਯਾਦ ਕਰੀਏ ਉਸ ਫ਼ਕੀਰ ਨੂੰ
ਸਵਰਾਜਬੀਰ 19

* ਸੇਠ ਹਰਭਜਨ ਸਿੰਘ ਔਰੰਗਾਬਾਦ ਵਾਲੇ...
ਸੂਬਾ ਬਲਵਿੰਦਰ ਸਿੰਘ ਝੱਲ 22

* 13 ਦਸੰਬਰ: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ... 24

** Sri Satguru Jagjit Singh ji.....*
Gurmukh Singh Advocate.....25

** A Saga Of Sri Satguru Jagjit Singh ji*
Dr. Sharada Jayagovind.....27

* ਕਾਵਿ ਕਿਆਰੀ 28

* ਅੜਬੰਗੀ (ਨਾਵਲ)
ਸੰਤ ਇੰਦਰ ਸਿੰਘ ਚੱਕ੍ਵਰਤੀ.....31

* ਖ਼ਬਰਨਾਮਾ.....33

Sri Satguru Jagjit Singh Ji Elibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਯੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ
੧੯੨੨ ਬ੍ਰਿ. (1920 ਈ:) ਤੋਂ ਸਥਾਪਿਤ

ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ। ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 203

ਸਤਿਗੁਰੁ ਪੁਰਖੁ ਅਗੰਮੁ ਹੈ....

ਪੋਹ ਮਹੀਨੇ ਦਾ ਸਾਹਿਬੇ-ਕਮਾਲ, ਬਾਦਸ਼ਾਹ ਦਰਵੇਸ਼, ਗੁਰੂਆਨਿ-ਗੁਰੂ, ਸਰਬੰਸ-ਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਇਤਿਹਾਸ ਨਾਲ ਬੜਾ ਗੂੜ੍ਹਾ ਸੰਬੰਧ ਹੈ। ਜਿੱਥੇ ਆਪ ਜੀ ਦਾ ਜਗਤ-ਆਗਮਨ ਪੋਹ ਦੇ ਮਹੀਨੇ ਵਿੱਚ ਹੋਇਆ, ਉੱਥੇ ਆਨੰਦਪੁਰ ਸਾਹਿਬ ਦਾ ਤਿਆਗ, ਪਰਿਵਾਰ ਵਿਛੋੜਾ ਅਤੇ ਵੱਡੇ ਮਾਤਾ ਜੀ (ਮਾਤਾ ਗੁਜਰੀ ਜੀ) ਸਹਿਤ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਵੀ ਇਸੇ ਮਹੀਨੇ ਵਿੱਚ ਹੋਈਆਂ। ਆਪ ਜੀ ਦਾ ਪ੍ਰਕਾਸ਼ 22 ਪੋਹ ਸੰਗਤ 1723 ਬਿ. ਨੂੰ ਪਟਨਾ ਸ਼ਹਿਰ ਵਿਖੇ ਹੋਇਆ। 8 ਪੋਹ 1761 ਬਿ. ਨੂੰ ਵੱਡੇ ਸਾਹਿਬਜਾਦੇ, ਬਾਬਾ ਅਜੀਤ ਸਿੰਘ ਜੀ ਤੇ ਬਾਬਾ ਜੁਝਾਰ ਸਿੰਘ ਜੀ ਦੁਨੀਆਂ ਦੀ ਸਭ ਤੋਂ ਅਸਾਵੀਂ ਜੰਗ ਵਿੱਚ ਚਮਕੌਰ ਵਿਖੇ ਜਾਮੇ-ਸ਼ਹਾਦਤ ਪੀ ਗਏ। ਸਾਹਿਬ, ਲੱਖਾਂ ਦੇ ਘੇਰੇ ਵਿੱਚੋਂ ਸ਼ਾਹੀ ਫ਼ੌਜਾਂ ਨੂੰ ਵੰਗਾਰ ਕੇ, ਬਿਖੜੇ ਪੈਂਡੇ ਚੀਰਦੇ ਹੋਏ, ਮਾਛੀਵਾੜੇ ਦੀ ਧਰਤੀ 'ਤੇ ਪਹੁੰਚੇ। ਇੱਥੋਂ ਉੱਚ ਦੇ ਪੀਰ ਬਣ, ਮਾਲਵੇ ਦੀ ਧਰਤੀ ਵੱਲ ਪ੍ਰਸਥਾਨ ਕੀਤਾ। ਜੱਟਪੁਰੇ ਪਹੁੰਚਣ ਤੇ ਨੂਰੇ ਮਾਹੀ ਤੋਂ ਛੋਟੇ ਲਾਲਾਂ ਅਤੇ ਵੱਡੇ ਮਾਤਾ ਜੀ ਦੀ ਸ਼ਹਾਦਤ ਦੀ ਦੁੱਖ-ਦਾਈ ਖ਼ਬਰ ਮਿਲੀ। ਇਹ ਸਾਰਾ ਘਟਨਾ-ਕ੍ਰਮ ਪੋਹ ਦੇ ਮਹੀਨੇ ਵਿਚ ਵਾਪਰਿਆ।

ਪਰਮੇਸ਼ਰ ਦੇ ਖ਼ਾਸ ਰੂਪ ਸਤਿਗੁਰੂ ਦੀ ਵਡਿਆਈ ਅਗਾਧ ਬੋਧ ਹੈ। ਉਸ ਦੇ ਅਥਾਹ ਗੁਣਾ ਵਿਚੋਂ ਪ੍ਰਮੁੱਖ ਗੁਣ ਹੈ ਕਿ ਉਹ ਨਿਰਵੈਰ ਹੈ। ਗੁਰਬਾਣੀ ਵਿੱਚ ਸਤਿਗੁਰੂ ਦੀ ਸਿਫਤਿ ਬਾਰੇ ਦਰਜ਼ ਹੈ:-

- ਸਤਿਗੁਰੁ ਅੰਦਰਹੁ ਨਿਰਵੈਰੁ ਹੈ ਸਭੁ ਦੇਖੈ ਬ੍ਰਹਮੁ ਇਕੁ ਸੋਇ॥
- ਸਤਿਗੁਰੁ ਪੁਰਖੁ ਨਿਰਵੈਰੁ ਹੈ ਆਪੇ ਲਏ ਜਿਸੁ ਲਾਇ॥
- ਸਤਿਗੁਰੁ ਨਿਰਵੈਰੁ ਪੁਰੁ ਸਤੁ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ॥
- ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ ਜਿਸੁ ਨਿੰਦਾ ਉਸਤਿਤ ਤੁਲਿ ਹੋਇ॥
- ਸਤਿਗੁਰੁ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ॥

ਸਤਿਗੁਰੂ ਨਿਰਭੈਤਾ, ਨਿਰਵੈਰਤਾ ਪ੍ਰੇਮ, ਪਰਉਪਕਾਰ, ਸਤਿ, ਸੰਤੋਖ, ਦਇਆ, ਧਰਮ, ਧੀਰਜ ਆਦਿ ਸ਼ੁੱਭ ਗੁਣਾਂ ਦਾ ਅਖੁੱਟ ਨਿਧਾਨ ਹੈ। ਪਰੰਤੂ ਗੁਰੂ ਸਾਹਿਬ ਜਦ ਨਰ-ਨਾਟਕ ਕਰਦੇ ਹਨ ਤਾਂ ਬਹੁਤ ਸਾਰੇ ਲੋਕ ਭਰਮ ਵਿੱਚ ਪੈ ਜਾਂਦੇ ਹਨ ਅਤੇ ਜੀਵਨ ਦੇ ਇੱਕ ਪੱਖ ਨੂੰ ਵੇਖ ਕੇ ਹੀ ਫੈਸਲਾ ਲੈ ਲੈਂਦੇ ਹਨ। ਇਸੇ ਲਈ ਕੁੱਝ ਭਰਮ-ਭੁੱਲੇ ਲੋਕਾਂ ਨੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਬਾਰੇ ਅਜਿਹੇ ਵਿਚਾਰ ਦਿੱਤੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਭਗਤੀ-ਮਾਰਗ ਤਾਂ ਸ਼ਾਂਤਮਈ ਅਤੇ ਸਰਬ-ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਦੀ ਕਾਮਨਾ ਸੀ, ਪਰ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਜੰਗੋ-ਜਦਲ ਵਿੱਚ ਉਲਝਾ ਦਿੱਤਾ। ਅਜਿਹੇ ਲੋਕਾਂ ਨੇ ਗੁਰੂ ਜੀ ਨੂੰ ਮੁਰੈਲਾ (ਮਾਰਖੋਰਾ) ਗੁਰੂ ਤੱਕ ਆਖ ਦਿੱਤਾ। ਪਰ ਅਫ਼ਸੋਸ ਕਿ ਉਹ ਲੋਕ ਗੁਰੂ ਸਾਹਿਬ ਦੇ ਦ੍ਰਿਸ਼ਟੀਕੋਣ ਅਤੇ ਜੀਵਨ ਆਦਰਸ਼ ਨੂੰ ਸਮਝ ਨਾ ਸਕੇ। ਸਤਿਗੁਰੂ ਜੀ ਆਪਣੀ ਸ੍ਵੈ-ਜੀਵਨੀ ਬਚਿਤ੍ਰ ਨਾਟਕ ਵਿੱਚ ਫੁਰਮਾਉਂਦੇ ਹਨ ਕਿ:-

Sri Satguru Jagjit Singh Ji Elibrary NamdhariElibrary@gmail.com

ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥
ਜਹਾ ਤਹਾ ਤੁਮ ਧਰਮ ਬਿਥਾਰੋ॥ ਦੁਸਟ ਦੋਖੀਅਨ ਪਕਰਿ ਪਛਾਰੋ॥
ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨ॥

ਆਪ ਜੀ ਫੁਰਮਾਨ ਕਰਦੇ ਹਨ ਕਿ ਮੈਂ ਤਾਂ ਸੰਸਾਰ ਵਿੱਚ ਲੋਕਾਂ ਨੂੰ ਉਹੋ ਕੁੱਝ ਆਖਾਂਗਾ ਜੋ ਮੇਰੇ ਪ੍ਰਭੂ ਨੇ ਮੈਨੂੰ ਆਖ ਕੇ ਜਗਤ ਵਿੱਚ ਭੇਜਿਆ ਹੈ, ਮੈਂ ਹੋਰ ਕਿਸੇ ਨਾਲ ਵੈਰ ਨਹੀਂ ਪਾਲਾਂਗਾ।

ਜਿਮ ਤਿਨ ਕਹੀ ਤਿਨੈ ਤਿਮ ਕਹਿਹੋਂ॥ ਅਉਰ ਕਿਸੂ ਤੇ ਬੈਰ ਨ ਗਹਿਹੋਂ॥

ਆਪ ਜੀ ਨੇ ਔਰੰਗਜ਼ੇਬ ਦੀ ਤੁਅੱਸਬ ਭਰੀ ਛੁਰੀ ਨਾਲ ਹਲਾਲ ਹੋ ਰਹੀ ਭਾਰਤੀ ਸੱਭਿਅਤਾ ਅਤੇ ਹਿੰਦੀ ਜਨਤਾ ਵਾਸਤੇ ਆਪਣੇ ਗੁਰੂ-ਪਿਤਾ ਦੀ ਹਿਰਦੇ-ਵੇਧਕ ਕੁਰਬਾਨੀ ਨੂੰ 'ਕੀਨੋ ਬਡੋ ਕਲੂ ਮਹਿ ਸਾਕਾ' ਕਹਿ ਕੇ ਵਡਿਆਇਆ। ਇਸ ਮਰਦ ਅਗੰਮੜੇ ਨੇ ਦੁੱਖਾਂ ਦਾ ਰੋਣਾ ਜਾਂ ਨਿਰਾਸ਼ਤਾ ਭਰੀਆਂ ਗੱਲਾਂ ਨਾ ਕਰਕੇ ਹਠ, ਦਲੇਰੀ, ਤਿਆਗ ਅਤੇ ਚੜ੍ਹਦੀ ਕਲਾ ਭਰਿਆ ਇੱਕ ਐਲਾਨ ਕੀਤਾ:-

ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਯਾ ਪਯਾਨ॥ ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨ॥

ਆਦਿ ਸਤਿਗੁਰੂ ਗੁਰੂ ਨਾਨਕ ਦੇਵ ਜੀ ਜਿੱਥੇ ਜੰਞੂ ਪਾਉਣ ਤੋਂ ਨਾਂਹ ਕਰਦੇ ਹਨ, ਉਥੇ ਹੀ ਉਨ੍ਹਾਂ ਦੇ ਨੌਵੇਂ ਸਰੂਪ ਸ੍ਰੀ ਗੁਰੂ ਤੇਗ ਬਹਾਦਰ ਜੀ ਤਿਲਕ, ਜੰਞੂ ਦੀ ਰਾਖੀ ਲਈ ਸਰੀਰ ਦੀ ਕੁਰਬਾਨੀ ਦਿੰਦੇ ਹਨ। ਕੈਸਾ ਵਿਧਾਨ ਹੈ ਗੁਰੂ ਸਾਹਿਬ ਦਾ ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਜੀ ਦੀ ਲੜਾਈ ਕਿਸੇ ਵਿਸ਼ੇਸ ਜਾਤ, ਮਜ਼ਹਬ, ਕੁਲ ਜਾਂ ਨਸਲ ਨਾਲ ਨਹੀਂ ਸਗੋਂ ਪਾਖੰਡ ਅਤੇ ਜ਼ੁਲਮ ਦੇ ਖਿਲਾਫ਼ ਸੀ।

ਸਤਿਗੁਰੂ ਗੋਬਿੰਦ ਸਿੰਘ ਜੀ ਪ੍ਰੀਤ ਪੈਗੰਬਰ ਸਨ। ਉਹਨਾਂ ਦਾ ਪਰਮੇਸ਼ਰ ਪ੍ਰੇਮ ਸਰੂਪ ਹੋ ਕੇ ਜ਼ਰਰੇ-ਜ਼ਰਰੇ ਵਿੱਚ ਸੁਭਾਇਮਾਨ ਹੈ। ਉਸਨੂੰ ਪਾਉਣ ਦਾ ਤਰੀਕਾ ਵੀ ਪ੍ਰੇਮ ਹੀ ਹੈ। ਜਿਵੇਂ ਕਿ:-

- ਜਤ੍ਰ ਤਤ੍ਰ ਦਿਸਾ ਵਿਸਾ ਹੋਇ ਫੈਲਿਓ ਅਨੁਰਾਗ॥
- ਸਾਚੁ ਕਹੋ ਸੁਨਿ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥

ਸੱਚੇ ਪਾਤਸ਼ਾਹ ਦੀ ਦ੍ਰਿਸ਼ਟੀ ਵਿੱਚ ਪਰਮੇਸਰ ਇੱਕ ਹੈ, ਸਾਰੀ ਕਾਇਨਾਤ ਉਸੇ ਦਾ ਹੀ ਸਰੂਪ ਹੈ ਇਸ ਲਈ ਸਭ ਜੀਆਂ ਵਿੱਚ ਵੀ ਏਕਤਾ ਹੈ। ਇਸ ਏਕੇ ਦੀ ਪਛਾਣ ਹੀ ਜੀਵਨ ਰਹੱਸ ਹੈ। ਸਾਰੇ ਜੀਵ ਇੱਕ ਮੂਲ ਤੋਂ ਪੈਦਾ ਹੁੰਦੇ ਹਨ ਅਤੇ ਅੰਤ, ਇੱਕ ਵਿੱਚ ਹੀ ਜਾ ਸਮਾਉਂਦੇ ਹਨ। ਇਸ ਲਈ ਕੋਈ ਵੀ ਕਿਸੇ ਤੋਂ ਵੱਖਰਾ ਨਹੀਂ ਹੈ।

ਜਿਵੇਂ ਅੱਗ ਦੇ ਚੰਗਿਆੜੇ ਅੱਗ ਤੋਂ, ਮਿੱਟੀ ਦੇ ਕਿਣਕੇ ਮਿੱਟੀ ਤੋਂ ਅਤੇ ਪਾਣੀ ਦੀਆਂ ਬੂੰਦਾ ਪਾਣੀ ਤੋਂ ਅਲੱਗ ਨਹੀਂ ਹੋ ਸਕਦੀਆਂ-

ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ,ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿਂਗੇ।

ਸ੍ਰੀ ਦਸਮੇਸ਼ ਪਾਤਸ਼ਾਹ ਤਾਂ ਇੱਥੋਂ ਤੱਕ ਵੀ ਕਹਿੰਦੇ ਹਨ ਕਿ ਬੰਦਗੀ ਦਾ ਢੰਗ ਤਾਂ ਭਾਵੇਂ ਅਲੱਗ-ਅਲੱਗ ਹੈ, ਪਰ ਭਗਵਾਨ ਅਤੇ ਉਸ ਪ੍ਰਤੀ ਭਾਵਨਾ ਤਾਂ ਇੱਕ ਹੀ ਹੈ:

ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ, ਮਾਨਸ ਸਬੈ ਏਕ, ਪੈ ਅਨੇਕ ਕੋ ਭ੍ਰਮਾਉ ਹੈ॥
ਦੇਵਤਾ, ਅਦੇਵ, ਜੱਛ, ਗੰਧ੍ਰਬ, ਤੁਰਕ, ਹਿੰਦੂ ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥
ਏਕੈ ਨੈਨ, ਏਕੈ ਕਾਨ, ਏਕੈ ਦੇਹ, ਏਕੈ ਬਾਨ, ਖਾਕ, ਬਾਦ, ਆਤਸ ਔ ਆਬ ਕੋ ਰਲਾਉ ਹੈ॥
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥

ਇਹੋ ਹੀ ਕਾਰਣ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਲੜੀਆਂ ਗਈਆਂ ਸਾਰੀਆਂ ਹੀ ਲੜਾਈਆਂ ਵਿੱਚ ਸੱਚ ਧਰਮ ਨਾਲ ਪਿਆਰ ਕਰਨ ਵਾਲੇ ਮੁਸਲਮਾਨਾਂ ਅਤੇ ਹਿੰਦੂਆਂ ਨੇ ਆਪ ਜੀ ਦਾ ਸਾਥ ਨਿਭਾਇਆ। ਪੀਰ ਬੁੱਧੂ ਸ਼ਾਹ ਦੀ ਅਦੁੱਤੀ ਕੁਰਬਾਨੀ ਨੂੰ ਸਾਰਾ ਸੰਸਾਰ ਜਾਣਦਾ ਹੈ। ਪੀਰ ਭੀਖਣਸ਼ਾਹ, ਕਾਜ਼ੀ ਸਲਾਰਦੀਨ, ਕੋਟਲੇ ਵਾਲਾ ਨਿਹੰਗ ਖਾਂ, ਆਲਮ ਖਾਂ, ਨਬੀ ਖਾਂ, ਗਨੀ ਖਾਂ, ਸੈਦ ਬੇਗ, ਕਾਜ਼ੀ ਪੀਰ ਮੁਹੰਮਦ ਸਲੋਹ ਵਾਲਾ, ਸੁਬੇਗ ਸ਼ਾਹ ਹਲਵਾਰੀਆ, ਕ੍ਰਿਪਾਲ ਦਾਸ ਉਦਾਸੀ, ਲਾਲ ਚੰਦ ਹਲਵਾਈ, ਮੋਤੀ ਮਹਿਰਾ, ਦੀਵਾਨ ਟੋਡਰ ਮੱਲ ਜਿਹੇ ਗੁਰਮੁਖ ਸੱਜਣ ਆਪ ਜੀ ਨੂੰ ਦਿਲੋਂ ਜਾਨੋਂ ਪਿਆਰ ਕਰਦੇ ਸਨ।

ਬਾਕੀ ਸਫ਼ਾ 21 'ਤੇ.....

Sri Satguru Jagjit Singh Ji Elibrary NamdhariElibrary@gmail.com

ਉਪਦੇਸ਼ ਸਤਿਗੁਰੂ ਪ੍ਰਤਾਪ ਸਿੰਘ ਜੀ

ਸਾਹਿਬਜ਼ਾਦਿਆਂ ਦੇ ਸਾਹਿਬ

ਸਾਹਿਬਜ਼ਾਦਿਓਂ ਕੇ ਸਹਿ ਲੜੇ। ਸਾਹਿਬਜ਼ਾਦਿਆਂ ਦੇ ਸਹਿਤ ਚਮਕੌਰ ਵਿੱਚ ਲੜੇ, ਸਾਹਿਬਜ਼ਾਦਿਆਂ ਨੂੰ ਆਪਣੇ ਹੱਥੀਂ ਸ਼ਹੀਦ ਕਰਵਾਇਆ ਔਰ ਸ਼ਹੀਦ ਕਰਵਾ ਕੇ ਕਹਿੰਦੇ ਨੇ, "ਹੇ ਅਕਾਲ ਪੁਰਖ, ਇਹ ਤੇਰੀ ਅਮਾਨਤ ਸੀ, ਅਦਾ ਹੋਈ। ਸ਼ੁਕਰ ਹੈ ਕਿ ਤੂੰ ਆਪਣੀ ਚੀਜ਼ ਆਪ ਲਈ ਹੈ।"

ਸੱਚੇ ਪਾਤਸ਼ਾਹ ਮਾਛੀਵਾੜੇ ਦੇ ਜੰਗਲ 'ਚ ਆਉਂਦੇ ਹਨ-

ਨੰਗਾ ਚਰਨ ਨ ਧਰਤ ਤੇ ਕਦੇ ਧਰਿਆ, ਸੇਜਾਂ ਮਖਮਲੀ ਸੌਣ ਨੂੰ ਭਾਰੀਆਂ ਸਨ।
ਦਲ ਸ਼ੰਗਾਰ ਜਹੇ ਸੈਂਕੜੇ ਖੜੇ ਘੋੜੇ, ਹਾਥੀ ਝੂਲਦੇ ਸਣੇ ਅੰਬਾਰੀਆਂ ਸਨ।
ਅੱਜ ਉਹ ਸਤਿਗੁਰੂ ਜੀ ਪਏ ਭੁੰਜੇ, ਰੱਬਾ ਤੇਰੀਆਂ ਕੁਦਰਤਾਂ ਨਿਆਰੀਆਂ ਹਨ।
ਚਰਨ ਨੰਗੇ, ਸੂਲਾਂ ਲੱਗੀਆਂ ਨੇ ਚਰਨਾਂ ਨੂੰ।
ਮਨ ਚਲਾਣ ਸੇ ਆਲਸ ਆਇਓ। ਆਕ ਫੂਲ ਕੋ ਭੋਗ ਲਗਾਇਓ।

ਖੇਡ ਸੀ ਉਹਨਾਂ ਦੀ, ਫੀਮ ਛਕਦੇ ਸੀ, ਨਹੀਂ ਮਿਲੀ ਤੇ ਅੱਕ ਦੇ ਫੁੱਲ ਖਾਧੇ। ਆ ਕੇ ਪਏ ਹਨ, ਦੱਭ ਨੇ ਚਰਨ ਉਡਾ ਦਿੱਤੇ ਹਨ, ਤੁਰਿਆ ਨਹੀਂ ਜਾਂਦਾ, ਕੀ ਕਹਿੰਦੇ ਨੇ ਬੈਠ ਕੇ ਫਿਰ ? ਕਹਿੰਦੇ ਨੇ, "ਹਾਏ ਰੱਬਾ, ਮੈਂ ਮਰ ਗਿਆ ! ਮੇਰੇ ਪੁੱਤ ਮਰ ਗਏ ! ਹੇ ਰੱਬਾ ਤੇਰਾ ਕੁਛ ਨਾ ਰਹੇ ! ਮੇਰਾ ਤੂ ਕੁਛ ਨਹੀਂ ਛੱਡਿਆ !" ਨਹੀਂ- ਕਹਿੰਦੇ ਕੀ ਹਨ-

ਮਿਤ੍ਰ ਪਿਆਰੇ ਨੂੰ ਹਾਲ ਫਕੀਰਾਂ ਦਾ ਕਹਿਣਾ।

ਤਿੰਨ ਤਰ੍ਹਾਂ ਇਹ ਤੁੱਕ ਲਿਖੀ ਹੋਈ ਹੈ, ਇੱਕ ਥਾਂ ਮੁਰੀਦਾਂ ਦਾ ਲਿਖਿਆ ਹੈ, ਗਰੀਬਾਂ ਦਾ ਵੀ ਲਿਖਿਆ ਹੈ। ਇਹ ਤਿੰਨੇ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤੁੱਕ ਹੈ, ਪਰ ਸਾਡੇ ਵਾਸਤੇ ਸਤਿਗੁਰੂ ਰਾਮ ਸਿੰਘ ਜੀ ਲਿਖਿਆ ਹੈ-ਭਾਈ ਫਕੀਰਾਂ ਦਾ ਪੜ੍ਹਨਾ।

ਮਿਤ੍ਰ ਪਿਆਰੇ ਨੂੰ ਹਾਲ ਫਕੀਰਾਂ ਦਾ ਕਹਣਾ॥ ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ, ਨਾਗ ਨਿਵਾਸਾ ਦੇ ਰਹਣਾ॥
ਸੂਲ ਸੁਰਾਹੀ ਖੰਜਰੁ ਪਿਆਲਾ ਬਿੰਗ ਕਸਾਈਆਂ ਦਾ ਸਹਿਣਾ॥ ਯਾਰੜੇ ਦਾ ਸਾਨੂੰ ਸਥਰੁ ਚੰਗਾ ਭੱਠ ਖੇੜਿਆਂ ਦਾ ਰਹਿਣਾ॥

-ਦਸਮ ਗ੍ਰੰਥ, ਪੰਨਾ-੭੧੦

ਬਿੰਗ ਕਿਆ ਚੀਜ਼ ਹੈ ? ਮੂੰਹ ਉੱਤੇ ਚਮੜੇ ਦਾ ਚਾੜ੍ਹਦੇ ਹਨ ਕਸਾਈ, ਜਿਹਦੇ ਨਾਲ ਦਮ ਬੰਦ ਹੋ ਕੇ ਸਾਹ ਫੁਲ ਕੇ ਡੰਗਰ ਦਾ- ਉਹਦੀ ਖੱਲ ਅਲਹਿਦਾ ਹੋ ਜਾਂਦੀ ਐ, ਬਾਹਰ ਨਹੀਂ ਸਾਹ ਨਿਕਲ ਸਕਦਾ, ਫਿਰ ਉਸਨੂੰ ਕਤਲ ਕਰਨ ਲਗਦੇ ਨੇ ਜਦੋਂ ਦੇਖਦੇ ਨੇ ਇੱਕ ਦੋ ਸਾਹ ਰਹਿ ਗਏ-ਤਾਂ ਕਹਿੰਦੇ ਨੇ-

ਬਿੰਗ ਕਸਾਈਆਂ ਦਾ ਸਹਣਾ॥

ਜਿਹੜਾ ਸਹਿਣਾ 'ਬੋਲਣਾ' ਨਹੀਂ-ਇਹ ਬਿੰਗ ਹੈ ਕਸਾਈਆਂ ਦਾ।

ਫਿਰ ਕੀ ਕਹਿੰਦੇ- **ਯਾਰੜੇ ਦਾ ਸਾਨੂੰ ਸੱਥਰੁ ਚੰਗਾ,**

ਤੇਰਾ, ਯਾਰ ਦਾ-ਹੇ ਅਕਾਲ ਪੁਰਖ, ਤੇਰਾ ਸੱਥਰ ਚੰਗਾ ਹੈ।

ਭੱਠ ਖੇੜਿਆਂ ਦਾ ਰਹਿਣਾ॥

ਖੇੜਿਆਂ ਦਾ ਰਹਿਣਾ, ਮਹਿਲਾਂ ਦਾ ਰਹਿਣਾ-ਭੱਠ ਹੈ ਤੇਰੇ ਬਗੈਰ। ਸਾਹਿਬ ਸੱਚੇ ਪਾਤਸ਼ਾਹ ਉਹ ਸਭ ਕੁਛ ਕਰਨ ਕਾਰਨ, ਸਭ ਕੁਛ ਕਰ ਸਕਦੇ ਹਨ, ਉਹ ਕੌਤਕੀ, ਉਹ ਚੋਜੀ ਹੈ-ਮੇਰਾ ਹਰਿ ਪ੍ਰਭ, ਉਹ ਆਪਣੇ ਰੰਗ ਬਦਲਦਾ ਹੈ।

ਗਾਹਿ ਸੂਫ਼ੀ ਗਾਹਿ ਜ਼ਾਹਿਦ (ਭਾਈ ਨੰਦ ਲਾਲ, ਗਜ਼ਲ-2)

ਅਸੀਂ ਕੀ ਉਪਕਾਰ ਸਮਝਿਆ ? ਪੁੱਤਰ ਬਲੀਦਾਨ-ਪਿਤਾ ਬਲੀਦਾਨ-ਮਾਤਾ ਬਲੀਦਾਨ-ਆਪ ਬਲੀਦਾਨ ਸਾਰੀ ਉਮਰ ਭਾਵੇਂ ਸਭ ਕੁਛ ਉਹਨਾਂ ਦੇ ਪਾਸ ਸੀ-ਕਾਹਦੇ ਵਾਸਤੇ ? ਜਦੋਂ ਮਾਤਾ ਜੀ ਆ ਕੇ ਦਮਦਮੇ ਕਹਿੰਦੇ ਨੇ, "ਕਿੱਧਰ ਗਏ ਮੇਰੇ ਚਾਰ ਪੁੱਤਰ?" ਕਹਿੰਦੇ ਨੇ,"ਇਨ ਪੁਤਰਨ ਕੇ ਸੀਸ ਪੈ ਵਾਰ ਦੀਏ ਸੁਤ ਚਾਰ।" ਫਿਰ, ਸਾਨੂੰ ਵਾਰਿਆ ਦਾ, ਹੁਣ ਅਸੀਂ ਨਿਮਕ ਹਰਾਮੀ ਨਹੀਂ, ਅਸੀਂ ਗੁਰੂ ਗੋਬਿੰਦ ਸਿੰਘ ਦੀ ਸਿੱਖੀ ਕਮਾਉਂਦੇ ਹਾਂ-ਅਸੀਂ ਗੁਰੂ ਦੀ ਸਿੱਖੀ ਨੂੰ ਮੰਨਦੇ ਹਾਂ ? ਜੇ ਭਾਈ ਅਸੀਂ ਉਹਦੇ ਸਿੱਖ ਬਣੀਏ ਜਿਹੜਾ ਕੁਛ ਉਹਨੇ ਕਿਹਾ-

ਸਿੱਖ ਹੋਏ ਕਰ ਕਰਜ ਨਾ ਲੇਵੈ, ਜੇ ਲੇਵੇ ਤਾਂ ਪੂਰਾ ਦੇਵੇ। ਸਤਿਗੁਰੂ ਰਾਮ ਸਿੰਘ ਨੇ ਇਸ ਗੱਲ ਉੱਤੇ ਹੁਕਮਨਾਮੇ 'ਚ ਲਿਖਿਆ-ਭਾਈ ਕਰਜ਼ਾ ਲੈਣਾ ਲੈ ਕੇ ਨਾ ਦੇਣਾ ਚੋਰੀ ਧਾੜੇ ਥਾਂ ਵੀ ਬਡਾ ਪਾਪ ਹੈ।

Sri Satguru Jagjit Singh Ji Elibrary NamdhariElibrary@gmail.com

ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ

ਸਥਾਨ:ਔਰੰਗਾਬਾਦ

ਸੰਤ ਹਰਭਜਨ ਸਿੰਘ ਔਰੰਗਾਬਾਦ ਦੇ ਭੋਗ ਸਮੇਂ

ਇਥੋਂ ਦੇ ਆਏ ਸਾਡੇ ਮਰਾਠੇ ਵੀਰ, ਭੈਣਾਂ, ਬੱਚੇ। ਪਿਛਲੇ ਤਿੰਨ ਚਾਰ ਸਾਲ ਤੋਂ ਕਰੀਬ ਹਰ ਸਾਲ ਇਥੇ ਆਉਣ ਦਾ ਮੌਕਾ ਮਿਲਦਾ ਰਿਹਾ ਹੈ। ਪਰ ਅੱਜ ਜਿਸ ਤਰ੍ਹਾਂ ਦਾ ਮੌਕਾ ਮਿਲਿਆ ਹੈ। ਅਜੇ ਦਿਲ ਨਹੀਂ ਕਰਦਾ ਸੀ ਕਿ ਇਹ ਭਾਣਾ ਇਸ ਤਰ੍ਹਾਂ ਏਨੀ ਜਲਦੀ ਵਰਤ ਜਾਵੇ। ਇਕ ਵਾਰੀ ਯਾਦ ਕਰ ਲਈਏ ਜਿਸ ਸਤਿਗੁਰੂ ਸੱਚੇ ਪਾਤਸ਼ਾਹ ਦੇ ਸਿੱਖ ਦੀ ਯਾਦ ਵਿਚ ਤੁਸੀਂ ਇਕੱਠੇ ਹੋਏ ਬੈਠੇ ਹੋ। ਇਕ ਵਾਰੀ ਬੜੇ ਪਿਆਰ ਨਾਲ ਆਖੀਏ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ।

ਸਾਧ ਸੰਗਤ ਜੀ ਮੈਂ ਸ਼ਾਇਦ 1974-75 ਤੋਂ ਸ. ਹਰਭਜਨ ਸਿੰਘ ਹੋਰਾਂ ਨੂੰ ਜਾਣਦਾ ਹਾਂ। ਇਕ ਬੜੀ ਵੱਡੀ ਸਾਂਝ ਸੀ ਉਹਨਾਂ ਦੇ ਨਾਲ, ਉਹ ਸਾਂਝ ਸੀ: ਸਤਿਗੁਰੂ ਜਗਜੀਤ ਸਿੰਘ ਦੇ ਪਿਆਰ ਦੀ। ਜਾਣਾ ਤੇ ਇਸ ਸੰਸਾਰ ਤੋਂ ਸਾਰਿਆਂ ਨੇ ਹੀ ਹੈ। ਹੁਣੇ ਸੰਤ ਗੁਰੂਬਚਨ ਸਿੰਘ ਹੋਰੀਂ ਗੱਲ ਕਰਦੇ ਸੀ ਕਿ ਸਭ ਤੋਂ ਵੱਡੀ ਹੈਰਾਨੀ ਤੇ ਇਹ ਹੈ ਕਿ ਸਾਡੇ ਸਾਮਹਣੇ ਰੋਜ਼ ਕੋਈ ਨਾ ਕੋਈ ਜਾਂਦਾ ਹੈ, ਫਿਰ ਵੀ ਸਾਡੇ ਮੰਨਣ ਵਿਚ ਇਹ ਨਹੀਂ ਆਉਂਦਾ ਕਿ ਅਸੀਂ ਇਥੋਂ ਚਲੇ ਜਾਣਾ। ਜਦੋਂ ਲਖਨਊ ਹੁੰਦੇ ਸੀ, ਸ. ਹਰਭਜਨ ਸਿੰਘ, ਉਦੋਂ ਤੋਂ ਮੌਕਾ ਮਿਲਿਆ। ਉਹਨਾਂ ਨੇ ਸੰਗੀਤ ਸੰਮੇਲਨ ਕਰਾਉਣੇ। ਉਸ ਤੋਂ ਬਾਅਦ ਔਰੰਗਾਬਾਦ ਸੰਗੀਤ ਸੰਮੇਲਨ ਕਰਾਇਆ। ਸਾਧ ਸੰਗਤ ਦੀ ਸੇਵਾ ਦਿਲ ਖੋਲ ਕੇ ਕਰਨੀ, ਸੰਗੀਤ ਦੀ ਸੇਵਾ ਦਿਲ ਖੋਲ ਕੇ ਕਰਨੀ। ਇਸ ਕਰਕੇ ਨਹੀਂ ਕਿ ਉਹਨਾਂ ਨੂੰ ਸੰਗੀਤ ਦੀ ਬਹੁਤ ਸਮਝ ਸੀ। ਇਸ ਕਰਕੇ ਕਿ ਸਤਿਗੁਰੂ ਜਗਜੀਤ ਸਿੰਘ, ਸੰਗੀਤ ਤੋਂ ਖੁਸ਼ ਹੁੰਦੇ ਸਨ। ਉਹਨਾਂ ਆਪਣੇ ਪਿਆਰੇ ਸਤਿਗੁਰੂ ਦੀ, ਉਸ ਸਤਿਗੁਰੂ ਦੀ ਜਿਹੜਾ ਨਿਰੰਕਾਰ ਰੂਪ ਸੀ ਦਿਲ ਖੋਲ ਕੇ ਸੇਵਾ ਕੀਤੀ। ਸੱਚੇ ਪਾਤਸ਼ਾਹ ਨੇ ਉਹਨਾਂ ਨੂੰ ਬਹੁਤ ਖੁਸ਼ੀਆਂ ਦਿੱਤੀਆਂ ਹਨ।

ਸ. ਹਰਭਜਨ ਸਿੰਘ ਕੋਈ ਸਾਧਾਰਨ ਨਹੀਂ, ਮਹਾਨ ਆਤਮਾ ਸਨ। ਜਿਸ ਤਰ੍ਹਾਂ ਉਸ ਸਿੱਖ ਨੇ ਸੇਵਾ ਕੀਤੀ ਹੈ ਮੈਂ ਦੇਖਿਆ ਹੈ, ਉਹ ਮਾਇਆ ਉਹਨਾਂ ਦੀ ਲੇਖੇ ਲੱਗ ਗਈ। ਇਹ ਮਾਇਆ ਇਕੱਠੀ ਕਰਦੇ-ਕਰਦੇ ਤੁਹਾਡੇ ਸਾਮ੍ਹਣੇ ਹੀ ਤੁਰ ਜਾਂਦੇ ਹਨ ਪਿਛੋਂ ਉਹਨਾਂ ਦੇ ਬੱਚੇ ਰਿਸ਼ਤੇਦਾਰ ਗਿਣਨ ਲੱਗ ਜਾਂਦੇ ਹਨ ਕਿੰਨੀ ਕੁ ਛੱਡ ਕੇ ਗਿਆ, ਉਹ ਓਦੋਂ ਹੀ ਭੁੱਲ ਜਾਂਦੇ ਹਨ ਕਿ ਇਵੇਂ ਹੀ ਪਤਾ ਨਹੀਂ ਕਦੋਂ ਅਸੀਂ ਵੀ ਚਲੇ ਜਾਣਾ ਹੈ। ਉਹਨਾਂ ਦੀ ਜਿਹੜੀ ਮਾਇਆ ਸੰਗਤ ਦੀ ਸੇਵਾ ਵਿਚ ਲੱਗ ਗਈ, ਜਿਹੜੀ ਸਤਿਗੁਰੂ ਦੀ ਖੁਸ਼ੀ ਵਿਚ ਲੱਗ ਗਈ, ਉਹ ਲੇਖੇ ਲੱਗ ਗਈ। ਸ. ਹਰਭਜਨ ਸਿੰਘ ਦਾ ਇਸ ਦੁਨੀਆਂ ਤੇ ਆਉਣਾ ਲੇਖੇ ਲੱਗ ਗਿਆ। ਇਥੇ ਔਰੰਗਾਬਾਦ ਉਹਨਾਂ ਨੇ ਸੰਮੇਲਨ ਕਰਾਇਆ, ਸ਼ਾਇਦ ਹੀ ਇੰਨਾ ਚੰਗਾ ਸੰਗੀਤ ਸੰਮੇਲਨ ਮੈਂ ਕਿਤੇ ਦੇਖਿਆ ਹੋਵੇ। ਉਹ ਸੱਤ ਦਿਨ ਸੰਗੀਤ ਸੰਮੇਲਨ ਹੋਇਆ। ਔਰ ਇੰਨੇ ਚੰਗੇ ਅਸੀਂ ਕਿਤੇ ਸਰੋਤੇ ਵੀ ਨਹੀਂ ਦੇਖੇ। ਏਨਾਂ ਡਸਿਪਲਨ ਕਿਤੇ ਨਹੀਂ ਦੇਖਿਆ। ਮੇਰਾ ਖਿਆਲ ਨਾਥ ਜੀ ਸਨ ਉਹਨਾਂ ਨਾਲ ਦੋਸਤ ਸ. ਹਰਭਜਨ ਸਿੰਘ ਹੁਰਾਂ ਦੇ। ਉਹਨਾਂ ਨੇ ਕਿਹਾ ਕਿ ਇਹ ਸੰਗੀਤ ਸੰਮੇਲਨ ਜਦੋਂ ਖਤਮ ਹੋ ਜਾਵੇਗਾ ਕਿਸ ਤਰ੍ਹਾਂ ਲੱਗੇਗਾ। ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਉਸ ਸੰਗੀਤ ਸੰਮੇਲਨ ਦੇ ਅਖੀਰ ਤੇ ਕਿਹਾ ਸੀ ਕਿ ਮੈਨੂੰ ਲੱਗਦਾ ਸੀ ਕਿ ਨਾਥ ਜੀ ਕੀ ਕਹਿੰਦੇ ਨੇ, ਚਲੋ ਹਰ ਇਕ ਚੀਜ਼ ਖਤਮ ਹੋਣੀ ਹੈ। ਪਰ ਹੁਣ ਮੈਨੂੰ ਵੀ ਲੱਗ ਰਿਹਾ ਕਿ ਸੱਤ ਦੇ ਬਾਦ ਇਹ ਖਤਮ ਹੋ ਗਿਆ ਤੇ ਹੁਣ ਸਾਡਾ ਦਿਲ ਕਿਵੇਂ ਲੱਗੇਗਾ ਹੁਣ ਕੀ ਮਹਿਸੂਸ ਹੋਵੇਗਾ? ਏਨਾਂ ਚੰਗਾ ਸੰਗੀਤ ਸੰਮੇਲਨ ਕਰਾਇਆ। ਇਸ ਤਰ੍ਹਾਂ ਮੇਲੇ ਕਰਾਏ। ਮੈਂ ਜਿੰਨੀ ਵਾਰੀ ਇਥੇ ਆਇਆ ਹਾਂ ਖੁਲ੍ਹੇ ਦਿਲ ਨਾਲ ਸੰਗਤ ਦੀ ਸੇਵਾ ਕਰਨੀ, ਪਾਠ ਕਰਵਾਉਣੇ। ਜਿਹੜੇ ਸਾਡੇ ਇਥੋਂ ਦੇ ਮਹਾਂਰਾਸ਼ਟਰੀਅਨ (ਮਰਾਠੇ) ਸਰੀਰ ਨੇ, ਇਹਨਾਂ ਦੀ ਸੇਵਾ ਕਰਨੀ। ਇਹਨਾਂ ਨੂੰ ਪ੍ਰਸ਼ਾਦਾ ਛਕਾ ਕੇ ਖੁਸ਼ ਹੋਣਾ। ਕਿਉਂਕਿ ਆਪਾਂ ਕੌਣ ਹਾਂ ਛਕਾਉਣ ਵਾਲੇ, ਆਪਾਂ ਕੌਣ ਹਾਂ ਕਿਸੇ ਦੀ ਸੇਵਾ ਕਰਨ

Sri Satguru Jagjit Singh Ji Elibrary NamdhariElibrary@gmail.com

ਵਾਲੇ, ਜਿਹਦਾ ਦਿੱਤਾ ਹੈ ਉਹਨੂੰ ਹੀ ਆਪਾਂ ਛਕਾਉਂਦੇ ਹਾਂ।

ਪਰ ਮੈਂ ਇਹ ਦੇਖਿਆ ਹੈ ਕਿ ਉਹਨਾਂ ਨੇ ਮਨ ਵਿੱਚ ਕਦੀ ਇਹ ਹੰਕਾਰ ਕਰਕੇ ਨਹੀਂ ਛਕਾਇਆ ਕੇ ਮੈਂ ਕਿਸੇ ਦੀ ਸੇਵਾ ਕਰਦਾ ਹਾਂ। ਉਹਨਾਂ ਨੇ ਗੁਰੂ ਦਾ ਸਮਝ ਕੇ ਛਕਾਇਆ ਤੇ ਗੁਰੂ ਦਾ ਸਿੱਖ ਸਮਝ ਕੇ ਹੀ ਆਪਣੇ ਧੰਨ ਭਾਗ ਸਮਝੇ ਨੇ ਕਿ ਮੈਂ ਸੇਵਾ ਕੀਤੀ ਹੈ। ਇਹ ਸੱਚੀਂ ਮੁੱਚੀਂ ਸਿੱਖੀ ਹੈ।

ਮੈਂ ਇਹ ਗੱਲ ਕਰਦਾ ਉਹਨਾਂ ਦੇ ਲੜਕੇ ਗੁਰਮੀਤ ਹੋਰੀਂ, ਰਵਿੰਦਰ ਪਾਲ, ਗੁਰਪ੍ਰੀਤ ਸਿੰਘ ਤੇ ਸਤਵੰਤ ਸਿੰਘ ਦੇ ਘਰੋਂ ਬੀਬੀ ਆਏ ਹਨ, ਉਹਨਾਂ ਦੀਆਂ ਨੂੰਹਾ ਬੈਠੀਆਂ ਹਨ ਪੋਤਰੇ ਬੈਠੇ ਹਨ। ਇਹ ਯਾਦ ਰੱਖਿਓ ਕਿ ਤੁਹਾਡੇ ਪਿਤਾ ਜੀ, ਤੁਹਾਡੇ ਦਾਦਾ ਜੀ ਬੜੇ ਚੰਗੇ ਇਨਸਾਨ ਸੀ। ਸਿਰਫ ਮਾਇਆ ਨਾ ਯਾਦ ਰੱਖਿਓ। ਇਹ ਮਾਇਆ ਇਥੇ ਹੀ ਰਹਿ ਜਾਣੀ ਹੈ, ਨਾ ਉਹ ਨਾਲ ਲੈ ਗਏ ਨੇ, ਨਾ ਤੁਸੀਂ ਲੈ ਜਾਣੀ ਹੈ। ਮੈਂ ਇਕ ਆਪਣਾ ਕਰਕੇ ਆਪਣਾ ਘਰ ਕਰਕੇ ਮਾਣ ਨਾਲ ਇਹ ਗੱਲ ਕਹਿੰਦਾ ਹਾਂ ਕਿ ਇਹ ਮਾਇਆ ਇਹ ਜਾਇਦਾਦਾਂ ਕਰਕੇ ਨਾ ਲੜਿਓ। ਇਹ ਜ਼ਰੂਰ ਸਿੱਖਿਓ ਜੇ ਉਹ ਸੇਵਾ ਕਰਦੇ ਸੀ, ਘਰ ਆਏ ਸਿੱਖ ਦੀ, ਜਾਂ ਫਿਰ ਕੋਈ ਵੀ ਅਤਿਥੀ ਘਰ ਆ ਗਿਆ, ਉਹਨੂੰ ਪ੍ਰਸ਼ਾਦਾ ਛਕਾਉਂਦੇ ਸੀ। ਉਹ ਪ੍ਰਸ਼ਾਦਾ ਛਕਾ ਕੇ ਮਾਣ ਮਹਿਸੂਸ ਕਰਿਓ। ਉਹ ਸਿੱਖੀ ਹੈ, ਸਿੱਖੀ ਘਰ ਵਿਚ ਰੱਖਿਓ। ਤੁਹਾਡੇ ਅੰਦਰ ਕਿਸੇ ਲਈ ਦਇਆ ਹੋਵੇ, ਤੁਹਾਡੇ ਅੰਦਰ ਕਿਸੇ ਲਈ ਪਿਆਰ ਹੋਵੇ, ਕਿਸੇ ਦੀ ਸੇਵਾ ਕਰਕੇ ਤੁਹਾਨੂੰ ਚੰਗਾ ਲੱਗੇ। ਕਿਸੇ ਨੂੰ ਪ੍ਰਸ਼ਾਦਾ ਛਕਾ ਕੇ ਤੁਸੀਂ ਗਦ-ਗਦ ਹੋ ਜਾਵੋ। ਕਿਸੇ ਦੀ ਸੇਵਾ ਕਰਕੇ ਤੁਸੀਂ ਖੁਸ਼ ਹੋ ਜਾਵੋ। ਤੁਸੀਂ ਹੱਥੀਂ ਸੇਵਾ ਕਰੋ। ਤੁਸੀਂ ਸੇਵਾ ਕਰਦੇ ਥੱਕੋ ਨਾ। ਇਹ ਮੰਗ ਮੰਗੋ ਸੱਚੇ ਪਾਤਸ਼ਾਹ ਕੋਲੋਂ। ਬਾਕੀ ਮਾਇਆ ਮੂਇਆ ਸਭ ਕੁਝ ਵਿਚ ਆ ਜਾਣਗੀਆਂ। ਕਿਸੇ ਚੀਜ਼ ਦਾ ਘਾਟਾ ਨਹੀਂ ਰਹਿੰਦਾ। ਇਹ ਚੀਜ਼ ਜਿਹੜੀ ਨਾਲ ਜਾਣੀ ਹੈ, ਦੂਜਾ ਕੁਝ ਨਹੀਂ ਜੇ ਨਾਲ ਜਾਣਾ। ਇਥੇ ਹੀ ਸਾਰਾ ਰਹਿ ਜਾਣਾ ਹੈ। ਮਰਨ ਤੋਂ ਬਾਅਦ ਕਿਸੇ ਨੇ ਯਾਦ ਵੀ ਨਹੀਂ ਕਰਨਾ। ਇਹ ਚੀਜ਼ਾਂ ਭੁਲਿਓ ਨਾ।

ਮੈਂ ਖਾਸ ਕਰਕੇ ਉਹਨਾਂ ਦੇ ਬੇਟਿਆਂ ਨੂੰ, ਉਹਨਾਂ ਦੇ ਪੋਤਰਿਆਂ ਨੂੰ ਕਹਿੰਦਾ ਹਾਂ। ਬੜੇ ਪਿਆਰੇ ਬੱਚੇ ਨੇ, ਮੈਨੂੰ ਮਿਲੇ ਨੇ। ਇਹ ਮੈਸੇਜ ਹੈ, ਉਹਨਾਂ ਕੋਲੋਂ ਜੇ ਸਿੱਖਣਾ ਹੈ ਤਾਂ ਇਹ ਸਿੱਖੋ ਕਿ ਸੰਗਤ ਦੀ ਸੇਵਾ ਕਿਸ ਤਰ੍ਹਾਂ ਕਰਨੀ ਹੈ। ਕਿਸੇ ਲੋੜ ਵੰਦ ਦੀ ਸੇਵਾ ਕਿਸ ਤਰ੍ਹਾਂ ਕਰਨੀ ਹੈ। ਗੁਰਬਾਣੀ ਨਾਲ ਕਿਸ ਤਰ੍ਹਾਂ ਜੁੜਨਾ ਹੈ, ਨਾਮ ਨਾਲ ਕਿਸ ਤਰ੍ਹਾਂ ਜੁੜਨਾ ਹੈ। ਸਾਧੂਆਂ ਨੂੰ ਘਰ ਬੁਲਾ ਕੇ ਪਾਠ ਕਿਸ ਤਰ੍ਹਾਂ ਕਰਵਾਉਣੇ ਹਨ। ਇਹ ਸਿੱਖਿਆ ਉਹਨਾਂ ਤੋਂ ਲੈ ਲਵੋ। ਆਪਸ ਵਿਚ ਪਿਆਰ ਨਾਲ ਰਹਿਓ। ਇਹ ਬਖਸ਼ਿਸ਼ ਮੰਗੋ ਕਿ ਪਾਤਸ਼ਾਹ ਜਿਹੜੇ ਉਹਨਾਂ 'ਚ ਗੁਣ ਸੀ ਸਾਨੂੰ ਵੀ ਬਖਸ਼। ਅਸੀਂ ਵੀ ਸੇਵਾ ਕਰ ਸਕੀਏ। ਅਸੀਂ ਵੀ ਸੁਰਖਰੂ ਹੋ ਕੇ ਇਸ ਤਰ੍ਹਾਂ ਹੀ ਤੇਰੇ ਘਰ ਆਈਏ। ਜਦੋਂ ਅਸੀਂ ਮਰਨ ਲੱਗੀਏ ਸਾਨੂੰ ਡਰ ਨਾ ਲੱਗੇ। ਮਰਨ ਲੱਗਿਆਂ ਸਾਡੇ ਮਨ ਵਿੱਚ ਚਾਅ ਹੋਵੇ ਕਿ ਅਸੀਂ ਕੁਝ ਮਾੜਾ ਕੀਤਾ ਹੀ ਨਹੀਂ ਮੇਰਾ ਸਤਿਗੁਰੂ ਮੈਨੂੰ ਆਪ ਲੈਣ ਆਵੇਗਾ।

ਸ. ਹਰਭਜਨ ਸਿੰਘ ਜੀ ਨੇ ਜਿਵੇਂ ਸੇਵਾ ਕੀਤੀ ਹੈ। ਸੱਚੇ ਪਾਤਸ਼ਾਹ ਕਿਰਪਾ ਕਰਨ, ਉਹ ਉਹਨਾਂ ਦੇ ਹੀ ਨੇ, ਉਹਨਾਂ ਕੋਲ ਹੀ ਗਏ ਹਨ। ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ। ਖਾਸ ਕਰਕੇ ਉਹਨਾਂ ਦੇ ਘਰੋਂ ਬੀਬੀ ਜੀ ਨੂੰ ਜਿਹਨਾਂ ਵਾਸਤੇ ਮੁਸ਼ਕਿਲ ਹੈ, ਭਾਣਾ ਮੰਨਣ ਦਾ ਬਲ ਬਖਸ਼ਣ ਉਹ ਬੱਚਿਆਂ ਨੂੰ ਸਿੱਖੀ ਬਖਸ਼ਣ। ਏਨੀ ਅਰਜ਼ ਕਰਕੇ ਤੁਹਾਡੇ ਕੋਲੋ ਆਗਿਆ ਲੈਨਾ ਹਾਂ।

ਸਤਿ ਸ੍ਰੀ ਅਕਾਲ॥

Sri Satguru Jagjit Singh Ji Elibrary NamdhariElibrary@gmail.com

ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ

✍–ਵਰਿਆਮ ਸਿੰਘ ਸੰਧੂ

ਕੇਵਲ ਚਾਲੀ ਸਿੰਘਾਂ ਦੇ ਵਫ਼ਾਦਾਰ ਅਤੇ ਬਹਾਦਰ ਸਾਥ ਵਿਚ ਗੁਰੂ ਗੋਬਿੰਦ ਸਿੰਘ ਹੁਰਾਂ ਦੀ ਅਗਵਾਈ ਵਿਚ ਦੁਸ਼ਮਣ ਦੀਆਂ ਟਿੱਡੀ ਦਲ ਵਾਂਗ ਧਾ ਕੇ ਆ ਟੁੱਟੀਆਂ ਫੌਜਾਂ ਨਾਲ ਲੜੀ ਗਈ ਚਮਕੌਰ ਦੀ ਜੰਗ ਸ਼ਾਇਦ ਦੁਨੀਆਂ ਦੀ ਪਹਿਲੀ ਸਭ ਤੋਂ ਅਸਾਵੀਂ ਜੰਗ ਸੀ, ਜਿਸ ਵਿਚ ਏਡੀ ਵੱਡੀ ਦੁਸ਼ਮਣ ਫ਼ੌਜ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। 'ਹਾਰ' ਇਸ ਕਰਕੇ ਕਿ ਸਿੱਖਾਂ ਦੇ ਗੁਰੂ ਨੂੰ ਜਿਉਂਦਿਆਂ ਕਾਬੂ ਕਰ ਲੈਣ ਦਾ ਉਹਨਾਂ ਦਾ ਹਰ ਚਾਰਾ ਫੇਲ੍ਹ ਹੋ ਗਿਆ ਤੇ ਗੁਰੂ ਸਾਹਿਬ ਰਾਤ ਦੇ ਹਨੇਰੇ ਵਿਚ ਦੁਸ਼ਮਣ ਦੀਆਂ ਫ਼ੌਜਾਂ ਨੂੰ ਲਲਕਾਰਦੇ ਤੇ ਵੰਗਾਰਦੇ ਹੋਏ ਕਿ "ਆ ਜਾਓ। ਫੜ ਲਵੋ... ਜੇ ਕਿਸੇ ਵਿਚ ਹਿੰਮਤ ਹੈ ਤਾਂ। ਸਿੱਖਾਂ ਦਾ ਗੁਰੂ ਚੱਲਿਆ ਜੇ...'ਤਾਂ ਦੁਸ਼ਮਣ ਦੀਆਂ ਸਫ਼ਾਂ ਵਿਚ ਹਫ਼ੜਾ-ਦਫੜੀ ਮਚਾ ਕੇ ਬਚ ਕੇ ਨਿਕਲ ਗਏ ਤੇ ਦੁਸ਼ਮਣ ਨਿਰਾਸ਼ਾ ਤੇ ਨਮੋਸ਼ੀ ਦੇ ਆਲਮ ਵਿਚ ਡੁੱਬਾ ਹੱਥ ਮਲਦਾ ਰਹਿ ਗਿਆ। ਉਹ ਗੁਰੂ ਜੀ ਨੂੰ ਨਾ ਤਨੋਂ ਕਾਬੂ ਕਰ ਸਕੇ ਤੇ ਨਾ ਹੀ ਮਨੋਂ। ਤਨ-ਮਨ ਦੇ ਅਜੇਤੂ ਗੁਰੂ ਜੀ ਦਾ ਅਗੰਮੀ ਜਲੌਅ ਉਹਨਾਂ ਦੀ ਰਚਨਾ 'ਜ਼ਫ਼ਰਨਾਮਾ' ਵਿਚੋਂ ਭਲੀ-ਭਾਂਤ ਪ੍ਰਗਟ ਹੁੰਦਾ ਹੈ। ਜ਼ਫਰਨਾਮਾ ਤਾਂ ਹੈ ਹੀ ਚਮਕੌਰ ਦੀ ਜੰਗ ਸੰਬੰਧੀ ਪੇਸ਼ ਕੀਤੀ ਗਈ ਗੁਰੂ ਸਾਹਿਬ ਦੀ ਚਸ਼ਮਦੀਦ ਗਵਾਹੀ। ਜ਼ਫ਼ਰਨਾਮਾ ਦਾ ਤਾਂ ਭਾਵ ਹੀ ਇਹੋ ਹੈ 'ਫਤਹਿ ਦੀ ਚਿੱਠੀ।' ਆਲਮਗੀਰ ਜਾਂ ਜਗਤ-ਜੇਤੂ ਆਖੇ ਜਾਂਦੇ ਔਰੰਗਜ਼ੇਬ ਨੂੰ ਉਸ ਦੀਆਂ ਵਧੀਕੀਆਂ, ਵਾਅਦਾ-ਖ਼ਿਲਾਫ਼ੀਆਂ, ਜਬਰ ਤੇ ਜ਼ੁਲਮ ਨੂੰ ਯਾਦ ਕਰਾਉਂਦੀ ਇਸ 'ਜਿੱਤ ਦੀ ਚਿੱਠੀ' ਵਿਚ ਗੁਰੂ ਸਾਹਿਬ ਵੱਲੋਂ ਜਿਸ ਦਲੇਰੀ, ਨਿਰਭੈਤਾ, ਦ੍ਰਿੜ੍ਹਤਾ, ਸ੍ਵੈ-ਮਾਣ ਤੇ ਸ੍ਵੈ-ਭਰੋਸੇ ਦਾ ਪ੍ਰਗਟਾਵਾ ਕੀਤਾ ਗਿਆ, ਉਸਦੇ ਸਾਹਮਣੇ ਲੱਖਾਂ ਔਰੰਗਜ਼ੇਬਾਂ ਦੀ 'ਆਲਮਗੀਰੀ' ਹੇਚ ਹੈ। ਇਰਾਦੇ ਦੀ ਇਹ ਬੁਲੰਦੀ, ਚੜ੍ਹਦੀ ਕਲਾ ਦੀ ਇਹ ਚਮਕ 'ਜ਼ਫਰਨਾਮੇ' ਵਿਚੋਂ ਉਦੋਂ ਲਿਸ਼ਕੀ ਜਦੋਂ ਗੁਰੂ ਸਾਹਿਬ ਬਿਲਕੁਲ ਬੇਸਰੋਸਮਾਨੀ ਦੀ ਹਾਲਤ ਵਿਚ ਹਨ। ਸਾਰਾ ਪਰਿਵਾਰ ਬਿਖ਼ਰ ਚੁੱਕਾ ਹੈ, ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਸ਼ਹੀਦ ਹੋ ਚੁੱਕੇ ਹਨ।

ਅਜਿਹੇ ਭਿਆਨਕ ਦੁੱਖਾਂ ਚੋਂ ਗੁਜ਼ਰਨਾ ਕੋਈ ਸਹਿਲ-ਕਾਰਜ ਨਹੀਂ ਜਦੋਂ ਆਪਣੀਆਂ ਅੱਖਾਂ ਦੇ ਸਾਹਮਣੇ ਆਪਣੇ ਜਿਗਰ ਦੇ ਟੋਟਿਆਂ ਨੂੰ ਦੁਸ਼ਮਣ ਦੇ ਫੱਟ ਖਾ ਕੇ ਸ਼ਹੀਦ ਹੁੰਦਿਆਂ ਵੇਖਣਾ ਪਵੇ ਅਤੇ ਫਿਰ ਜ਼ਫ਼ਰਨਾਮਾ ਲਿਖਦੇ ਸਮੇਂ ਉਸ ਸਾਰੇ ਦੁੱਖ ਅਤੇ ਦ੍ਰਿਸ਼ ਨੂੰ ਮੁੜ ਚਿਤਵਣਾ ਤੇ ਜਿਉਣਾ ਕਿੰਨਾ ਕਸ਼ਟਦਾਇਕ ਹੋਵੇਗਾ, ਇਸਦੀ ਹਸਾਸ ਮਨ, ਕਲਪਨਾ ਕਰਨ ਤੋਂ ਵੀ ਅਸਮਰੱਥ ਹੈ ਪਰ ਸਭ ਕੁਝ ਵਾਪਰ ਜਾਣ ਤੋਂ ਪਿੱਛੋਂ ਵੀ ਇਨਸਾਨੀ ਕਿਰਦਾਰ ਦੀ ਬੁਲੰਦੀ ਦੀ ਮੜ੍ਹਕ ਅਤੇ ਸ਼ੇਰ ਵਰਗੀ ਬੜ੍ਹਕ ਗੁਰੂ ਸਾਹਿਬ ਦੀ ਸਦਾ ਅਜੇਤੂ ਸਿਰੜੀ ਤੇ ਸਿਦਕਵਾਨ ਰੂਹ ਦੇ ਦੀਦਾਰ ਕਰਵਾਉਂਦੀ ਹੈ।

ਆਨੰਦਪੁਰ ਛੱਡਣ ਲੱਗਿਆਂ ਇਤਿਹਾਸ ਦੇ ਵੀ ਸ਼ਾਇਦ ਚਿਤ ਚੇਤੇ ਨਾ ਹੋਵੇ ਕਿ ਅਗਲੇ ਕੁਝ ਹੀ ਦਿਨਾਂ ਵਿਚ ਗੁਰੂ ਸਾਹਿਬ, ਉਹਨਾਂ ਦੇ ਪਰਵਾਰ ਅਤੇ ਸੰਗੀਆਂ ਸਾਥੀਆਂ ਨੂੰ ਇਸ ਤਰਾਂ ਦੇ ਡੂੰਘੇ ਦੁੱਖ ਅਤੇ ਅਜ਼ਾਬ ਵਿਚੋਂ ਗੁਜ਼ਰਨਾ ਪੈਣਾ ਹੈ ਤੇ ਇਸ ਦੁੱਖ ਅਤੇ ਪੀੜ ਨੇ ਦਿਨ-ਬਦਿਨ ਗੂੜਿਆਂ ਹੁੰਦੇ ਜਾਣਾ ਹੈ। 21 ਦਸੰਬਰ 1704 ਨੂੰ ਆਨੰਦਪੁਰ ਛੱਡਣ ਸਮੇਂ ਜੀਵਤ ਸਿੰਘਾਂ ਦੀ ਗਿਣਤੀ ਹਜ਼ਾਰ ਕੁ ਤੋਂ ਕੁਝ ਵੱਧ ਦੱਸੀ ਜਾਂਦੀ ਹੈ। ਦੋ ਕੁ ਦਿਨ ਪਹਿਲਾਂ ਪਹਾੜਾਂ ਤੇ ਮੀਂਹ ਹੋਣ ਕਰਕੇ ਹੜਿਆਈ ਸਰਸਾ ਨਦੀ ਸ਼ੂਕਦੀ ਹੋਈ ਵਹਿ ਰਹੀ ਸੀ। ਠੰਢੀ ਹਵਾ ਜਿਸਮਾਂ ਨੂੰ ਚੀਰਦੀ ਜਾ ਰਹੀ ਸੀ, ਜਦੋਂ ਦੁਸ਼ਮਣ ਦੀਆਂ ਫ਼ੌਜਾਂ ਸਭ ਕੀਤੇ ਕੌਲ-ਕਰਾਰ ਤੇ ਕਸਮਾਂ ਭੁਲਾ ਕੇ ਗੁਰੂ ਜੀ ਦੇ ਕਾਫ਼ਲੇ ਉੱਤੇ ਆ ਟੁੱਟੀਆਂ, ਸਿੰਘਾਂ ਨੇ ਚੜ੍ਹੀਆਂ ਆ ਰਹੀਆਂ ਵੈਰੀ ਦਲ ਦੀਆਂ ਕਾਂਗਾਂ ਦਾ ਬਹਾਦਰੀ ਨਾਲ ਮੁਕਾਬਲਾ ਕੀਤਾ। ਬਹੁਤ ਸਾਰੇ ਸਿੰਘ ਮੈਦਾਨ-ਏ-ਜੰਗ ਵਿਚ ਸ਼ਹਾਦਤ ਦਾ ਜਾਮ ਪੀ ਗਏ। ਕੁਝ ਸਿੰਘ ਸਰਸਾ ਦੇ ਤੇਜ਼ ਹੜ੍ਹ ਆਏ ਪਾਣੀ ਵਿਚ ਰੁੜ ਗਏ। ਪਰਿਵਾਰ ਬਿਖ਼ਰ ਗਿਆ। ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਗੰਗੂ ਬ੍ਰਾਹਮਣ ਨਾਲ ਉਸਦੇ ਪਿੰਡ ਨੂੰ ਤੁਰ ਗਏ। ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਦੇਵਾਂ ਜੀ ਭਾਈ ਮਨੀ ਸਿੰਘ ਨਾਲ ਰੋਪੜ ਨੂੰ ਚਲੀਆਂ ਗਈਆਂ ਤੇ ਪਿੱਛੋਂ ਭਾਈ ਮਨੀ ਸਿੰਘ ਨਾਲ ਦਿੱਲੀ ਚਲੀਆਂ ਗਈਆਂ।

Sri Satguru Jagjit Singh Ji Elibrary NamdhariElibrary@gmail.com

ਸਰਸਾ ਤੋਂ ਪਾਰ ਜਾ ਕੇ ਗੁਰੂ ਜੀ ਆਪਣੇ ਬਚ ਗਏ ਚਾਲੀ ਸਿੰਘਾਂ ਦੇ ਸਾਥ ਚਮਕੌਰ ਪਿੰਡ ਵਿਚ ਪਹੁੰਚੇ। ਇਕ ਅੰਬਾਂ ਦੇ ਬਾਗ ਵਿਚ ਟਿਕਾਣਾ ਕਰਕੇ ਇਸ ਜਗ੍ਹਾ ਦਾ ਲੜੀ ਜਾਣ ਵਾਲੀ ਲੜਾਈ ਦੇ ਹਿਸਾਬ ਨਾਲ ਨਿਰੀਖਣ ਕਰਨ ਲੱਗੇ। ਘੋਰ ਸੰਕਟ ਅਤੇ ਤਣਾਓ ਦੀ ਘੜੀ ਵਿਚ ਅਜਿਹਾ ਦਿਮਾਗੀ ਤਵਾਜ਼ਨ ਬਣਾਈ ਰੱਖਣਾ ਗੁਰੂ ਜੀ ਦੇ ਮਹਾਨ ਫ਼ੌਜੀ ਜਰਨੈਲ ਹੋਣ ਦੀ ਸ਼ਾਹਦੀ ਭਰਦਾ ਹੈ। ਪਿੰਡ ਵਿਚ ਇਕ ਮਜ਼ਬੂਤ ਹਵੇਲੀ ਸੀ, ਜਿਸਨੂੰ ਕੱਚੀ ਗੜ੍ਹੀ ਆਖਦੇ ਸਨ, ਉਹ ਥਾਂ ਗੁਰੂ ਜੀ ਨੂੰ ਟਾਕਰੇ ਲਈ ਸਭ ਤੋਂ ਢੁਕਵੀਂ ਲੱਗੀ ਅਤੇ ਉਹਨਾਂ ਨੇ ਗੜ੍ਹੀ ਦੇ ਮਾਲਕ ਤੋਂ ਕਬਜ਼ਾ ਲੈ ਕੇ ਗੜ੍ਹੀ ਵਿਚ ਡੇਰੇ ਲਾ ਲਏ ਅਤੇ ਜੰਗ ਲੜਨ ਲਈ ਯੋਜਨਾਬੰਦੀ ਕਰਨ ਲੱਗੇ। ਉੱਧਰ ਦੁਸ਼ਮਣ ਵੀ ਸੂਹਾਂ ਲੈਂਦਾ, ਪੈੜਾਂ ਨੱਪਦਾ ਚਮਕੌਰ ਪਹੁੰਚ ਗਿਆ ਤੇ ਰਾਤੋ ਰਾਤ ਮੁਗਲ ਅਤੇ ਪਹਾੜੀ ਫ਼ੌਜਾਂ ਨੇ ਚਮਕੌਰ ਨੂੰ ਘੇਰੇ ਵਿਚ ਲੈ ਲਿਆ।

ਗੁਰੂ ਜੀ ਨੇ ਗੜ੍ਹੀ ਵਿਚ ਮੋਰਚਾਬੰਦੀ ਕਰਕੇ ਗੜ੍ਹੀ ਦੀਆਂ ਚਹੁੰ ਨੁੱਕਰਾਂ ਵਿਚ ਕੁਝ ਸਿੰਘ ਤਾਇਨਾਤ ਕਰ ਦਿੱਤੇ ਤਾਂ ਕਿ ਦੁਸ਼ਮਣ ਦੀਆਂ ਸਰਗਰਮੀਆਂ ਦੀ ਚਾਰੇ ਪਾਸਿਓਂ ਖੁੜਕ ਰੱਖੀ ਜਾ ਸਕੇ। ਭਾਈ ਆਲਮ ਸਿੰਘ ਅਤੇ ਭਾਈ ਮਾਨ ਸਿੰਘ ਨੂੰ ਸੰਤਰੀਆਂ ਦੀ ਡਿਊਟੀ ਸੌਂਪੀ ਗਈ। ਭਾਈ ਦਇਆ ਸਿੰਘ, ਭਾਈ ਸੰਗਤ ਸਿੰਘ, ਦੋਵੇਂ ਸਾਹਿਬਜ਼ਾਦੇ ਤੇ ਗੁਰੂ ਸਾਹਿਬ ਆਪ ਗੜ੍ਹੀ ਦੀ ਉਪਰਲੀ ਮੰਜ਼ਿਲ 'ਤੇ ਮੋਰਚੇ ਸੰਭਾਲ ਕੇ ਬੈਠ ਗਏ।

ਦਿਨ ਚੜ੍ਹਦਿਆਂ ਹੀ ਨਾਹਰ ਖਾਂ ਅਤੇ ਖ਼ੁਆਜਾ ਜ਼ਫਰ ਬੇਗ ਦੀ ਅਗਵਾਈ ਵਿਚ ਦੁਸ਼ਮਣ ਦੀਆਂ ਫ਼ੌਜਾਂ ਗੜ੍ਹੀ ਵੱਲ ਸ਼ੂਕਦੇ ਤੂਫ਼ਾਨ ਵਾਂਗ ਵਧੀਆਂ ਪਰ ਤੀਰਾਂ ਅਤੇ ਗੋਲੀਆਂ ਦੀ ਗੜ੍ਹੀ ਵੱਲੋਂ ਆਉਂਦੀ ਵਾਛੜ ਨੇ ਉਹਨਾਂ ਨੂੰ ਪਿੱਛੇ ਹਟਣ ਲਈ ਮਜ਼ਬੂਰ ਕਰ ਦਿੱਤਾ। ਦੁਪਹਿਰ ਤੱਕ ਦੁਸ਼ਮਣ ਨੇ ਕਈ ਹੱਲੇ ਬੋਲੇ ਪਰ ਹਰ ਵਾਰ ਮੂੰਹ ਦੀ ਖਾ ਕੇ ਪਿੱਛੇ ਪਰਤਣਾ ਪਿਆ। ਇਹ ਸੰਸਾਰ ਦਾ ਸਭ ਤੋਂ ਅਸਾਵਾਂ ਯੁੱਧ ਚੱਲ ਰਿਹਾ ਸੀ। ਗੁਰੂ ਜੀ ਆਪ ਇਸ ਦੋ ਧਿਰੇ ਅਸਾਵੇਂ ਮੁਕਾਬਲੇ ਬਾਰੇ ਜ਼ਫ਼ਰਨਾਮਾ ਵਿਚ ਲਿਖਦੇ ਹਨ ਕਿ ਭੁੱਖਣ-ਭਾਣੇ ਚਾਲੀ ਆਦਮੀ ਕੀ ਕਰ ਸਕਦੇ ਹਨ ਜਦੋਂ ਉਹਨਾਂ ਉੱਤੇ ਅਚਾਨਕ ਦਸ ਲੱਖ ਫੌਜ ਟੁੱਟ ਪਵੇ।

ਗੁਰਿਸ਼ਨਹ ਚਿ ਕਾਰੇ ਕੁਨੱਦ ਚਿਹਲ ਨਰ॥
ਕਿ ਦਹ ਲਕ ਬਰਾਯਦ ਬਰੋ-ਬੇਖ਼ਬਰ॥

ਉਹ ਇਹ ਵੀ ਲਿਖਦੇ ਹਨ।

ਬਰੰਗੇ ਮਗਸ ਸਯਾਹਪੋਸ਼ ਆਮਦੰਦ॥
ਬ ਯਕਬਾਰਗੀ ਦਰ ਖ਼ਰੋਸ਼ ਆਮਦੰਦ॥

ਭਾਵ: ਤੇਰੀ ਸਯਾਹਪੋਸ਼ ਫੌਜ ਮੱਖੀਆਂ ਵਾਂਗ ਆ ਪਈ ਤੇ ਸ਼ੋਰ ਮਚਾਉਂਦੀ ਇਕਦਮ ਟੁੱਟ ਪਈ।

ਇਸ ਅਸਾਵੀਂ ਜੰਗ ਵਿੱਚ ਵੀ ਗੜ੍ਹੀ ਚੋਂ ਵਰ੍ਹਦੀਆਂ ਗੋਲੀਆਂ ਅਤੇ ਤੀਰਾਂ ਨੇ ਦੁਸ਼ਮਣ ਫ਼ੌਜਾਂ ਦੀਆਂ ਲੋਥਾਂ ਦੇ ਢੇਰ ਲਾ ਦਿੱਤੇ। ਗੁੱਸੇ ਵਿਚ ਆਇਆ ਨਾਹਰ ਖਾਂ ਮੈਦਾਨ ਵਿਚ ਅੱਗੇ ਆਇਆ ਤਾਂ ਗੁਰੂ ਜੀ ਦੇ ਤੀਰ ਦੀ ਬੁਰਕੀ ਬਣ ਗਿਆ। ਖ਼ੁਆਜਾ ਜ਼ਫ਼ਰ ਬੇਗ ਵੀ ਅੱਗੇ ਵਧਿਆ ਤੇ ਗੁਰੂ ਜੀ ਦੇ ਸ਼ੂਕਦੇ ਤੀਰ ਤੋਂ ਬਚਣ ਲਈ ਦੀਵਾਰ ਓਹਲੇ ਹੋ ਕੇ ਜਾਨ ਬਚਾਈ। ਗੁਰੂ ਜੀ ਦੋਵਾਂ ਮੁਗਲ ਜਰਨੈਲਾਂ ਬਾਰੇ ਜ਼ਫ਼ਰਨਾਮਾ ਵਿਚ ਖੁਦ ਲਿਖਦੇ ਹਨ:

ਚੂ ਦੀਸਮ ਕਿ ਨਾਹਰ ਬਿਯਾਮਦ ਬ ਜੰਗ॥
ਚਸ਼ੀਦਮ ਯਕੇ ਤੀਰਿ ਮਨ ਬੇਦਰੰਗ॥

"ਜਦ ਮੈਂ ਨਾਹਰ ਖਾਨ ਨੂੰ ਮੈਦਾਨ-ਏ-ਜੰਗ ਵਿਚ ਆਇਆ ਵੇਖਿਆ ਤਾਂ ਉਸਨੇ ਫ਼ੌਰਨ ਹੀ ਮੇਰੇ ਤੀਰ ਦਾ ਸੁਆਦ ਚੱਖਿਆ ਅਰਥਾਤ ਉਹ ਤੀਰ ਖਾ ਕੇ ਥਾਂ ਹੀ ਢੇਰੀ ਹੋ ਗਿਆ।

ਉਹ ਜ਼ਫਰ ਬੇਗ ਬਾਰੇ ਲਿਖਦੇ ਹਨ ਕਿ ਉਹ ਬੁਜ਼ਦਿਲਾਂ ਵਾਂਗ ਦੀਵਾਰ ਦੀ ਓਟ ਹੇਠਾਂ ਹੀ ਰਿਹਾ।

ਦਰੇਗ਼ਾ ਅਗਰ ਰੂਇ ਓ ਦੀਦਮੇ।
ਬ ਯਕ ਤੀਰ ਲਾਚਾਰ ਬਖ਼ਸ਼ੀਦਮੇ।

ਅਫ਼ਸੋਸ ਜੇ ਮੈਂ ਉਸਦਾ ਚਿਹਰਾ ਵੇਖ ਲੈਂਦਾ ਤਾਂ ਇਕ ਤੀਰ ਉਸਨੂੰ ਵੀ ਬਖ਼ਸ਼ ਦਿੰਦਾ।

ਜਦੋਂ ਗੜ੍ਹੀ ਵਿਚ ਗੋਲੀ ਸਿੱਕਾ ਥੋੜ੍ਹਾ ਰਹਿ ਗਿਆ ਤਾਂ ਗੁਰੂ ਜੀ ਅਤੇ ਅੰਦਰਲੇ ਸਿੰਘਾਂ ਨੇ ਫ਼ੈਸਲਾ ਕੀਤਾ ਕਿ ਹੁਣ ਥੋੜ੍ਹੀ ਥੋੜ੍ਹੀ ਗਿਣਤੀ ਵਿਚ ਸਿੰਘ ਗੜ੍ਹੀ ਤੋਂ ਬਾਹਰ ਨਿਕਲ ਕੇ ਦੁਸ਼ਮਣ ਨਾਲ ਦੋ ਦੋ ਹੱਥ ਕਰਨ। ਪੰਜ ਪੰਜ ਸਿੰਘਾਂ ਦੇ ਸ਼ਹੀਦੀ ਜਥੇ ਗੜ੍ਹੀ ਤੋਂ ਬਾਹਰ ਜਾਣ ਲੱਗੇ। ਗੜ੍ਹੀ ਉੱਪਰੋਂ ਗੁਰੂ ਜੀ ਦੇ ਤੀਰ ਉਹਨਾਂ ਦੀ ਸੁਰੱਖਿਆ ਛਤਰੀ ਬਣਨ ਲੱਗੇ। 'ਸਵਾ ਲਾਖ ਸੇ ਏਕ ਲੜਾਊਂ' ਦਾ ਦਿੱਤਾ ਬਚਨ ਚਮਕੌਰ ਦੀ ਜੰਗ ਵਿਚ ਅਮਲ ਦੀ ਕਸਵੱਟੀ ਉਤੇ ਪਰਖਿਆ ਜਾ ਰਿਹਾ ਸੀ।

ਅੰਤ ਸਾਹਿਬਜ਼ਾਦਾ ਅਜੀਤ ਸਿੰਘ ਨੇ ਗੁਰੂ ਪਿਤਾ ਤੋਂ ਜੰਗ ਨੂੰ ਜਾਣ ਦੀ ਆਗਿਆ ਮੰਗੀ। ਗੁਰੂ ਜੀ ਨੇ ਪੁੱਤਰ ਨੂੰ ਗਲ ਨਾਲ ਲਾ ਕੇ ਗਦ-ਗਦ ਆਵਾਜ਼ ਵਿਚ ਆਖਿਆ, "ਅਜੀਤ ਸਿੰਘਾ ! ਬਿਨਾਂ-ਬੁਲਾਏ ਆ ਗਿਐਂ। ਸ਼ਹੀਦ ਬਾਬੇ ਦੀ ਇੱਜ਼ਤ ਰੱਖ ਲਈ ਊ। ਸਿੱਖੀ ਦਾ ਮਾਣ ਰੱਖ ਲਿਆ ਈ।

Sri Satguru Jagjit Singh Ji Elibrary NamdhariElibrary@gmail.com

ਤੈਨੂੰ ਆਵਾਜ਼ ਮਾਰ ਕੇ ਬੁਲਾਉਣਾ ਪੈਂਦਾ ਤਾਂ ਸਿੱਖੀ ਦੀ ਸ਼ਾਨ ਗ੍ਰਹਿਣੀ ਜਾਣੀ ਸੀ।

ਸ਼ਾਇਰਾਨਾ ਤਸੱਵਰ ਵਾਲੇ ਲੋਕ ਸਟੇਜਾਂ ਉੱਤੇ ਆਖਿਆ ਕਰਦੇ ਸਨ ਕਿ ਜਦੋਂ ਗੜ੍ਹੀ ਤੋਂ ਬਾਹਰ ਜੂਝ ਰਹੇ ਸਿੰਘਾਂ ਵਿਚੋਂ ਕੋਈ ਜ਼ਖ਼ਮ ਖਾ ਕੇ ਸ਼ਹੀਦ ਹੋ ਕੇ ਧਰਤੀ ਉੱਤੇ ਡਿਗਦਾ ਤਾਂ ਗੁਰੂ ਜੀ, 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦਾ ਜੈਕਾਰਾ ਬੁਲਾਉਂਦੇ। ਦੁਸ਼ਮਣ 'ਚੋਂ ਕਿਸੇ ਨੇ ਕਿਹਾ, ਬਿਗਾਨੀਆਂ ਮਾਵਾਂ ਦੇ ਪੁੱਤ ਮਰਦੇ ਨੇ ਨਾ। ਪਤਾ ਉਦੋਂ ਲੱਗੂ ਜਦੋਂ ਆਪਣੇ ਪੁੱਤ ਦੇ ਸੀਨੇ ਵਿਚ ਗੋਲੀ ਲੱਗੂ।

ਜਦੋਂ ਸਾਹਿਬਜ਼ਾਦਾ ਅਜੀਤ ਸਿੰਘ ਮੈਦਾਨੇ ਜੰਗ ਵਿਚ ਆਪਣੀ ਤਲਵਾਰ ਦੇ ਜੌਹਰ ਵਿਖਾਉਂਦਾ 'ਨਾਮ ਕਾ ਅਜੀਤ ਹੂੰ, ਜੀਤਾ ਨਹੀਂ ਜਾਊਂਗਾ' ਗੁਣਗੁਣਾਉਂਦਾ ਸ਼ਹੀਦ ਹੋ ਕੇ ਧਰਤੀ 'ਤੇ ਡਿੱਗਾ ਤਾਂ ਸਤਿਗੁਰਾਂ ਨੇ ਆਕਾਸ਼ ਗੁੰਜਾਉਂਦਾ ਨਾਅਰਾ ਬੁਲੰਦ ਕੀਤਾ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਤੇ ਫਿਰ ਸ਼ੁਕਰਾਨੇ ਵਜੋਂ ਅਕਾਲ ਪੁਰਖ ਅੱਗੇ ਹੱਥ ਜੋੜੇ।

ਨਿਸ਼ਚੈ ਹੀ ਅਜੀਤ ਸਿੰਘ ਨੂੰ ਜੰਗ ਨੂੰ ਜਾਣ ਤੋਂ ਰੋਕਣ ਲਈ ਨਾਲ ਦੇ ਸਿੰਘਾਂ ਨੇ ਤਰਲਾ ਲਿਆ ਹੋਵੇਗਾ ਤੇ ਉਸਦੀ ਥਾਂ ਆਪ ਜੰਗ ਨੂੰ ਜਾਣ ਲਈ ਬੇਨਤੀ ਕੀਤੀ ਹੋਵੇਗੀ ਪਰ ਕਲਗੀਧਰ ਪਿਤਾ ਨੇ ਕਿਹਾ ਹੋਵੇਗਾ, ਮੈਂ ਇਤਿਹਾਸ ਨੂੰ ਦੱਸਣਾ ਹੈ ਕਿ ਮੇਰੇ ਪੁੱਤਰ ਜੇ ਸਭ ਤੋਂ ਪਹਿਲਾਂ ਨਹੀਂ ਤਾਂ ਸਭ ਤੋਂ ਅਖ਼ੀਰ ਵਿਚ ਸ਼ਹੀਦ ਹੋਣ ਲਈ ਵੀ ਨਹੀਂ ਰੱਖੇ ਜਾ ਸੱਕਦੇ ...

ਸਾਹਿਬਜ਼ਾਦਾ ਅਜੀਤ ਸਿੰਘ ਦੀ ਸ਼ਹਾਦਤ ਤੋਂ ਪਿੱਛੋਂ ਛੋਟਾ ਸਾਹਿਬਜ਼ਾਦਾ ਜੁਝਾਰ ਸਿੰਘ ਜੰਗ ਨੂੰ ਜਾਣ ਦੀ ਆਗਿਆ ਮੰਗਣ ਲੱਗਾ, ਉਸਨੂੰ ਵੀ ਗਲ਼ ਨਾਲ ਲਾ ਕੇ ਪਿਤਾ ਜੀ ਨੇ ਹੱਥੀਂ ਤਲਵਾਰ ਦੇ ਕੇ ਜੰਗ ਨੂੰ ਤੋਰਿਆ। ਕਈ ਭੁੱਲੜ ਆਖਦੇ ਹਨ ਕਿ ਜੰਗ 'ਚੋਂ ਪਰਤ ਕੇ ਜੁਝਾਰ ਸਿੰਘ ਆਪਣੀ ਪਿਆਸ ਬੁਝਾਉਣ ਲਈ ਪਾਣੀ ਮੰਗਣ ਸਤਿਗੁਰਾਂ ਕੋਲ ਆ ਪਹੁੰਚਾ ਤਾਂ ਗੁਰੂ ਜੀ ਨੇ ਕਿਹਾ ਕਿ ਤੇਰਾ ਪਾਣੀ ਹੁਣ ਇਸ ਜਹਾਨ ਤੋਂ ਮੁਕ ਚੁੱਕਾ ਹੈ। ਹੁਣ ਤੂੰ ਆਪਣੇ ਵੀਰ ਅਤੇ ਦਾਦੇ ਕੋਲ ਪਹੁੰਚ ਕੇ ਆਪਣੀ ਪਿਆਸ ਮਿਟਾ।

ਇਹ ਕਥਾ ਸ਼ਰਧਾਵਾਨਾਂ ਵੱਲੋਂ ਦੁੱਖ ਨੂੰ ਹੋਰ ਗੂੜ੍ਹਿਆਂ ਕਰਨ ਵਾਸਤੇ ਸਿਰਜੀ ਗਈ ਜਾਪਦੀ ਹੈ। ਚੌਦਾਂ ਸਾਲਾਂ ਦੀ ਮਲੂਕੜੀ ਜਿੰਦ ਦੀ ਕਲਪਨਾ ਕਰਕੇ ਉਹਨਾਂ ਨੇ ਇਹ ਬਿਰਤਾਂਤ ਸਿਰਜਿਆ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਗੁਰੂ ਜੀ ਦੀ ਸਿੱਖਿਆ ਦੀਖਿਆ ਪ੍ਰਾਪਤ ਸਾਹਿਬਜ਼ਾਦਾ ਜੰਗ ਚੋਂ ਪਿੱਛੇ ਪਰਤਣਾ ਸੋਚ ਹੀ ਨਹੀਂ ਸਕਦਾ ਤੇ ਦੂਜਾ ਲੱਖਾਂ ਦੇ ਘੇਰੇ ਵਿੱਚੋਂ ਪਿੱਛੇ ਪਰਤ ਪਾਣੀ ਪੀਣ ਦੀ ਗੁੰਜਾਇਸ਼ ਹੀ ਕਿੱਥੇ ਸੀ। ਅਜਿਹੇ ਬੁਲਾਰੇ ਸਾਹਿਬਜ਼ਾਦੇ ਨਾਲ ਹਮਦਰਦੀ ਕਰਨ ਦੇ ਨਾਲ-ਨਾਲ ਉਹਦੀ ਸ਼ਹੀਦੀ ਦਾ ਮੁੱਲ ਘਟਾਉਣ ਦੀ ਗੁਸਤਾਖ਼ੀ ਵੀ ਕਰਦੇ ਹਨ। ਉਂਜ ਦੁਨਿਆਵੀ ਨਜ਼ਰ ਤੋਂ ਵੇਖਿਆ ਜਾਵੇ ਤਾਂ ਗੁਰੂ ਜੀ ਦਾ ਜਿਗਰਾ ਧੰਨ ਹੈ। ਪੁੱਤ ਦਿਲ ਦਾ ਲਹੂ ਪਾ ਕੇ ਜਵਾਨ ਕੀਤੀ ਖੇਤੀ ਹੁੰਦੇ ਹਨ। ਪੁੱਤ ਦੇ ਪੈਰ 'ਚ ਕੰਡਾ ਚੁੱਭੇ ਤਾਂ ਮਾਪਿਆਂ ਦੇ ਸੀਨੇ ਵਿਚ ਬਰਛੀ ਖੁੱਭਦੀ ਹੈ। ਕਿਵੇਂ ਸਹਿਣ ਕੀਤਾ ਹੋਵੇਗਾ, ਪੁੱਤਾਂ ਦਾ ਆਪਣੀਆਂ ਅੱਖਾਂ ਅੱਗੇ ਸ਼ਹੀਦ ਹੋਣਾ?

ਛੋਟੇ ਸਾਹਿਬਜ਼ਾਦੇ ਦੀ ਸ਼ਹੀਦੀ ਪਿੱਛੋਂ ਇਕ ਹੋਰ ਪੰਜਾਂ ਸਿੰਘਾਂ ਦਾ ਜਥਾ ਮੈਦਾਨ-ਏ-ਜੰਗ ਨੂੰ ਭੇਜਿਆ ਗਿਆ। ਆਖ਼ਰ ਗੁਰੂ ਜੀ ਕੋਲ ਕੇਵਲ ਗਿਆਰਾਂ ਸਿੰਘ ਰਹਿ ਗਏ। ਹਨੇਰਾ ਹੋਣ ਉੱਤੇ ਦੁਸ਼ਮਣ ਨੇ ਬੰਦੇ ਮਰਵਾਉਣਾ ਸਿਆਣਪ ਨਾ ਸਮਝੀ ਤੇ ਉਹ ਪਿੰਡ ਤੋਂ ਬਾਹਰ ਘੇਰਾ ਪਾ ਕੇ ਬੈਠ ਗਏ।

ਰਾਤ ਨੂੰ ਗੜ੍ਹੀ ਵਿਚ ਬਚ ਗਏ ਸਿੰਘਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਗੜ੍ਹੀ ਛੱਡ ਕੇ ਚਲੇ ਜਾਣ ਕਿਉਂਕਿ ਜਿਹੜਾ ਸਿੱਖੀ ਦਾ ਬੂਟਾ ਉਹਨਾਂ ਨੇ ਲਾਇਆ ਸੀ ਤੇ ਜਿਸਨੂੰ ਆਪਣੇ ਪਰਵਾਰ ਅਤੇ ਸਿੱਖਾਂ ਸੇਵਕਾਂ ਦਾ ਖ਼ੂਨ ਪਾ ਕੇ ਉਹ ਸਿੰਜ ਰਹੇ ਸਨ, ਉਹਨਾਂ ਦੀ ਗੈਰ ਹਾਜ਼ਰੀ ਵਿਚ ਇਹ ਬੂਟਾ ਸੁੱਕ ਮੁਰਝਾ ਜਾਣਾ ਸੀ। ਇਸ ਲਈ ਸਿੰਘਾਂ ਦੀ ਬੇਨਤੀ ਸੀ ਕਿ ਇਹ ਬੂਟਾ ਤਾਂ ਹੀ ਹਰਿਆ ਭਰਿਆ ਰਹਿ ਅਤੇ ਵਧ-ਵਿਗਸ ਸਕਦਾ ਸੀ ਜੇ ਗੁਰੂ ਜੀ ਜਿਉਂਦੇ ਗੜ੍ਹੀ ਵਿਚੋਂ ਬਚ ਨਿਕਲਣ ਪਰ ਗੁਰੂ ਜੀ ਦਾ ਸ਼ੈ-ਮਾਣ ਮੈਦਾਨ ਛੱਡ ਕੇ ਭੱਜ ਜਾਣਾ ਮਿਹਣਾ ਸਮਝਦਾ ਸੀ।

ਪਰ ਜ਼ਮੀਨੀ ਹਕੀਕਤ ਤਾਂ ਉਹਨਾਂ ਨਾਲੋਂ ਵੱਧ ਹੋਰ ਕੌਣ ਜਾਣਦਾ ਸੀ। ਉਹ ਜਾਣਦੇ ਸਨ ਕਿ ਕੌਮ ਲਈ ਮਰ ਜਾਣ ਨਾਲੋਂ, ਜਿਉਂਦੇ ਰਹਿ ਕੇ ਕੌਮ ਲਈ ਕੰਮ ਕਰਨਾ ਹਜ਼ਾਰ ਗੁਣਾ ਔਖਾ ਹੈ ਤੇ ਉਹ ਇਹ ਔਖਾ ਕੰਮ ਕਰਨ ਲਈ ਤਿਆਰ ਹੋ ਗਏ।

ਆਪਣੀ ਕਲਗੀ ਦੀ ਖਾਲਸੇ ਨੂੰ ਬਖ਼ਸ਼ਿਸ਼ ਕੀਤੀ। ਸਿੰਘਾਂ ਨੇ ਇਸ ਬਖ਼ਸ਼ਸ਼ ਨੂੰ ਅੱਖਾਂ ਨਾਲ ਲਾ ਕੇ ਭਾਈ ਸੰਗਤ ਸਿੰਘ ਦੇ ਸੀਸ ਉੱਤੇ ਸਜਾ ਦਿੱਤਾ। ਗੁਰੂ ਜੀ ਤਿੰਨ ਸਿੰਘਾਂ ਭਾਈ ਦਇਆ ਸਿੰਘ, ਧਰਮ ਸਿੰਘ ਤੇ ਮਾਨ ਸਿੰਘ ਦੇ ਸਾਥ ਵਿੱਚ ਗੜੀ ਤੋਂ ਬਾਹਰ ਨਿਕਲੇ। ਗੜ੍ਹੀ ਛੱਡਣ ਵੇਲੇ ਵੀ ਗੁਰੂ ਜੀ ਦੀ ਅਣਖ ਨੇ ਚੁੱਪ ਚਾਪ ਤੁਰ ਜਾਣਾ ਸਵੀਕਾਰ ਨਾ ਕੀਤਾ। ਤਾੜੀਆਂ ਮਾਰ ਕੇ ਲਲਕਾਰ ਕੇ, ਸਿੱਖਾਂ ਦਾ ਪੀਰ ਚੱਲਿਆ ਜੇ ਆਵੇ! ਫੜ ਲਓ! ਆਖਦੇ ਉਹ ਦੁਸ਼ਮਣ ਦੀਆਂ ਸਫ਼ਾਂ ਚੀਰਦੇ ਆਪਣੇ ਲਾਡਲੇ ਪੁੱਤਰਾਂ ਤੇ ਸਿੰਘਾਂ ਦੀਆਂ ਅਣਕੱਜੀਆਂ ਤੇ ਅਣਸੰਭਾਲੀਆਂ ਦੇਹਾਂ ਦੇ ਕੋਲੋਂ ਹਜ਼ਾਰਾਂ ਸਾਲਾਂ ਤੱਕ ਜਿਉਂਦੇ ਰਹਿਣ ਵਾਲਾ ਇਤਿਹਾਸ ਸਿਰਜਦੇ ਗੁਜ਼ਰ ਗਏ।

Sri Satguru Jagjit Singh Ji Elibrary NamdhariElibrary@gmail.com

ਅਸਾਵੀਂ ਜੰਗ

✍– ਨਿਸ਼ਾਨ ਸਿੰਘ ਕਥਾਕਾਰ

ਮੁਗਲ ਫੌਜਾਂ ਅਤੇ ਪਹਾੜੀ ਰਾਜਿਆਂ ਵੱਲੋਂ ਅਨੰਦਪੁਰ ਸਾਹਿਬ ਨੂੰ ਪਾਇਆ ਗਿਆ ਘੇਰਾ ਹੋਰ ਲੰਮੇਰਾ ਹੁੰਦਾ ਜਾ ਰਿਹਾ ਸੀ। ਜਿੱਥੇ ਸ਼ਹਿਰਵਾਸੀ ਅਤੇ ਗੁਰੂ ਕਲਗੀਧਰ ਜੀ ਦੇ ਪਿਆਰੇ ਖਾਲਸਾ ਜੀ ਭੁੱਖ ਪਿਆਸ ਨਾਲ ਜੂਝ ਰਹੇ ਸਨ। ਉਥੇ ਬਾਹਰ ਬੈਠੀ ਫੌਜ ਵੀ ਕੋਈ ਘੱਟ ਤਕਲੀਫ ਵਿੱਚ ਨਹੀਂ ਸੀ।ਅੱਤ ਦੀ ਗਰਮੀ,ਬਾਰਸ਼ਾਂ ਅਤੇ ਹੜ੍ਹਾਂ ਦਾ ਪ੍ਰਕੋਪ ਝੱਲਣ ਤੋਂ ਬਾਅਦ ਹੱਡ ਜੋੜਵੀਂ ਸਰਦੀ ਨੇ ਆ ਦਸਤਕ ਦਿੱਤੀ ਸੀ। ਹਜ਼ਾਰਾਂ ਸਿਪਾਹੀ ਮਾਰੇ ਜਾ ਚੁੱਕੇ ਸਨ। ਕਿਲ੍ਹੇ ਦੇ ਅੰਦਰ ਵਾਲੇ ਜੁਝਾਰੂਆਂ ਦੀ ਸਥਿਤੀ ਤਾਂ ਇੰਨੀ ਨਾਜ਼ੁਕ ਸੀ ਕਿ ਪੀਣ ਲਈ ਪਾਣੀ ਦਾ ਮਿਲਣਾ ਵੀ ਔਖਾ ਹੋ ਗਿਆ ਸੀ। ਕੀਮਤੀ ਘੋੜੇ ਅਤੇ ਪ੍ਰਸਾਦੀ ਹਾਥੀ ਵੀ ਭੁੱਖ ਪਿਆਸ ਦੇ ਦੁੱਖ ਨਾਲ ਤੜਪ ਤੜਪ ਮਰ ਗਏ ਸਨ। ਜੇਕਰ ਚਾਰ ਸਿੰਘ ਬਾਹਰ ਪਾਣੀ ਲੈਣ ਜਾਂਦੇ ਤਾਂ ਉਨ੍ਹਾਂ ਵਿੱਚੋਂ ਦੋ ਹੀ ਵਾਪਸ ਮੁੜਦੇ,ਦੋ ਦੁਸ਼ਮਣਾਂ ਵੱਲੋਂ ਕੀਤੇ ਵਾਰਾਂ ਸਦਕਾ ਜਾਮੇ ਸ਼ਹਾਦਤ ਪੀ ਜਾਂਦੇ। ਇਸ ਲਈ ਜਿੱਥੇ ਕੁੱਝ ਗੁਰੂ ਪਿਆਰੇ ਕਿਲ੍ਹਾ ਛੱਡਣ ਲਈ ਜੋਰ ਪਾ ਰਹੇ ਸਨ। ਉੱਥੇ ਸ਼ਾਹੀ ਫੌਜਾਂ ਵੀ ਆਪਣੇ ਜਰਨੈਲਾਂ ਸਮੇਤ ਬੇਚੈਨ ਹੋਈਆਂ ਬੈਠੀਆਂ ਸਨ। ਰਾਜਿਆਂ ਅਤੇ ਸ਼ਾਹੀ ਜਰਨੈਲਾਂ ਨੇ ਮਤਾ ਪਕਾ ਕੇ ਦੋ ਕਾਸਦ ਕਿਲ੍ਹੇ ਅੰਦਰ ਭੇਜੇ। ਰਾਜਿਆ ਵੱਲੋਂ ਪੰ:ਪਰਮਾਨੰਦ ਆਟੇ ਦੀ ਗਊ ਬਣਾਕੇ ਦਰਬਾਰ ਵਿੱਚ ਪੇਸ਼ ਹੋਇਆ। ਭਾਵ ਸੀ ਕਿ ਉਹ ਗਊ ਦੀ ਜਾਮਨੀ ਦੇ ਕੇ ਆਖਦੇ ਹਨ ਕਿ ਗੁਰੂ ਜੀ ਜੇ ਕਿਲ੍ਹਾ ਖਾਲੀ ਕਰ ਦੇਣ ਤਾਂ ਉਹਨਾਂ ਨਾਲ ਕਿਸੇ ਕਿਸਮ ਦਾ ਦਗਾ ਨਹੀਂ ਕੀਤਾ ਜਾਵੇਗਾ। ਸੱਯਦ ਵਲੀ ਹਸਨ ਇੱਕ ਕੁਰਾਨ ਲੈ ਕੇ ਹਾਜ਼ਿਰ ਹੋਇਆ ਜਿਸ ਦੇ ਅੰਦਰ ਇੱਕ ਚਿੱਠੀ ਉੱਪਰ ਅਜਿਹੀ ਹੀ ਕਸਮ ਲਿਖ ਕੇ ਚਿਪਕਾਈ ਹੋਈ ਸੀ ਜਿਸ ਵਿੱਚ ਔਰੰਗਜ਼ੇਬ ਵੱਲੋਂ ਇਹ ਸ਼ਬਦ ਸਨ ਕਿ ਗੁਰੂ ਜੀ ਕਿਲ੍ਹਾ ਖਾਲੀ ਕਰ ਦੇਣ ਅਤੇ ਜਿੱਥੇ ਉਹਨਾਂ ਦਾ ਜੀਅ ਚਾਹੇ ਆਜ਼ਾਦੀ ਨਾਲ ਵਿਚਰਣ। ਇਸ ਦੌਰਾਨ ਉਹਨਾਂ ਨਾਲ ਕੋਈ ਧ੍ਰੋਹ ਨਹੀਂ ਕੀਤਾ ਜਾਵੇਗਾ ਨਾਲ ਹੀ ਇਹ ਵੀ ਲਿਖਿਆ ਦੱਸਿਆ ਜਾਂਦਾ ਹੈ ਕਿ ਗੁਰੂ ਜੀ, ਉਸਨੂੰ (ਔਰੰਗਜ਼ੇਬ) ਨੂੰ ਮਾਲਵੇ ਵਿੱਚ ਆਕੇ ਮਿਲਣ ਤਾਂ ਜੋ ਸ਼ੱਕ ਸ਼ੁਬਹ ਦੂਰ ਕੀਤੇ ਜਾ ਸਕਣ। ਇਸ ਕਸਮ ਵਾਲੇ ਕੁਰਾਨ ਦਾ ਜਿਕਰ ਪਾਤਸ਼ਾਹ ਜਫ਼ਰਨਾਮਾ ਵਿੱਚ ਕਰਦੇ ਹਨ:-

ਤੁਰਾ ਗਰ ਬਿ-ਬਾਯਦ ਆਂ ਕਉਲਿ ਕੁਰਾਂ॥
ਬਨਿਜ਼ਦੇ ਸ਼ੁਮਾ-ਰਾ ਰਸਾਨਮ ਹਮਾਂ॥

ਭਾਵ:-ਜੇ ਤੂੰ ਕਸਮ ਵਾਲਾ ਕੁਰਾਨ ਦੇਖਣਾ ਚਾਹੁੰਦਾ ਹੈਂ ਤਾਂ ਮੈਂ ਤੈਨੂੰ ਭੇਜ ਸਕਦਾ ਹਾਂ।

ਸਤਿਗੁਰੂ ਜੀ ਇਹਨਾਂ ਮੱਕਾਰ ਲੋਕਾਂ ਦੀਆਂ ਚਾਲਾਂ ਨੂੰ ਭਲੀ ਭਾਂਤ ਸਮਝਦੇ ਸਨ। ਪਰ ਸਿੱਖਾਂ ਦੇ ਜੋਰ ਦੇਣ ਅਤੇ ਕੁੱਝ ਇਸ ਵਿਚਾਰ ਨਾਲ ਕਿ ਰਾਜਨੀਤਕ ਲੋਕਾਂ ਦੀ ਦੋਰੰਗੀ ਚਾਲ ਤੋਂ ਪੜਦਾ ਚੁੱਕ ਕੇ ਉਹਨਾਂ ਦੇ ਝੂਠ ਨੂੰ ਨਸਰ ਕਰਨਾ ਜਰੂਰੀ ਹੈ, ਸਤਿਗੁਰੂ ਜੀ ਨੇ 6 ਪੋਹ ਦੀ ਰਾਤ ਦੇ ਕਰੀਬ 10:30 ਵਜੇ ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਦਿੱਤਾ। ਚੱਲਣ ਤੋਂ ਪਹਿਲਾਂ ਗੁਰੂ ਪਿਤਾ ਦੇ ਅਸਥਾਨਾਂ ਦੀ ਸੇਵਾ ਸੰਭਾਲ ਵਾਸਤੇ ਬਾਬਾ ਗੁਰਬਖਸ਼ ਦਾਸ ਉਦਾਸੀ ਦੀ ਡਿਊਟੀ ਲਾਈ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ:-

ਨਿਕਸੇ ਪ੍ਰਥਮ ਗਏ ਤਿਸ ਜਾਏ॥
ਸ੍ਰੀ ਗੁਰ ਤੇਗ ਬਹਾਦਰ ਥਾਇ॥
ਖਰੇ ਹੋਇ ਦਰਬਾਰ ਅਗਾਰੀ॥
ਕਰਿ ਅਰਦਾਸ ਬੰਦਨਾ ਧਾਰੀ॥੧੧॥
ਇਕ ਗੁਰਬਖਸ਼ ਸਾਧ ਢਿਗ ਖਰਯੋ॥
ਤਿਸੈ ਬਿਲੋਕਤ ਬਚਨ ਉਚਰਯੋ॥
ਬਸਹੁ ਇਹਾਂ ਤੁਮ ਸੇਵਾ ਕਰੋ॥
ਕਰਿ ਸੇਵਾ ਨਿਜ ਜਨਮ ਸੁਧਰੋ॥੧੨॥
ਮਹਾਂਦੇਵ ਤਿਸ ਕਾ ਗੁਰ ਬੋਲਾ॥
ਖਾਇ ਕਰਾਂ ਤੇ ਰਹੈ ਅਡੋਲਾ?
ਮਹਾਂ ਕੁਮਤਿ ਧਰਿ ਨੀਚ ਪਹਾਰੀ॥
ਕਰਹਿ ਬੈਰ ਪਸਚਾਤ ਤੁਮਾਰੀ॥੧੫॥
ਸੁਨਿ ਸ੍ਰੀ ਮੁਖ ਤੇ ਤਿਸਹਿ ਉਚਾਰਾ॥
ਇਹ ਸਾਚੋ ਹੈ ਗੁਰ ਦਰਬਾਰਾ॥

ਸੰਧਯਾ ਸਮੈਂ ਸਦਾ ਗੁਰ ਦਰਸਨ॥
ਬਰਤਹਿ ਵਿਚ ਦਿਵਾਨ ਕੇ ਪਰਸਨ॥
ਕਿਸ ਪ੍ਰਕਾਰ ਹਵੈ ਕਮੀ ਨ ਕਾਈ॥
ਨਿਸਦਿਨ ਹਮ ਤੁਮ ਹੋਹਿ ਸਹਾਈ॥

(ਗੁ.ਪ੍ਰ.ਸੂ.-ਰੁਤਿ ੬-ਅੰਸੂ੩੧)

Sri Satguru Jagjit Singh Ji Elibrary NamdhariElibrary@gmail.com

ਸੱਚੇ ਪਾਤਸ਼ਾਹ 500 ਕੁ ਦੇ ਇਸ ਜਥੇ ਨਾਲ ਹਾਲੇ ਰਾਮ ਘਨੋਲੇ ਪਿੰਡ ਤੱਕ ਹੀ ਪਹੁੰਚੇ ਸਨ ਕਿ ਦੁਸ਼ਮਣ ਦਲਾਂ ਨੂੰ ਗੁਰੂ ਜੀ ਵੱਲੋਂ ਕਿਲ੍ਹਾ ਖਾਲੀ ਕਰ ਜਾਣ ਦਾ ਪਤਾ ਲੱਗ ਗਿਆ। ਇਹ ਰਾਤ ਦੇ ਹਨੇਰੇ ਵਿੱਚ ਇਧਰ-ਉਧਰ ਦੌੜਨ ਲੱਗੇ। ਸਤਿਗੁਰੂ ਜੀ ਨੇ ਕੀਰਤਪੁਰ ਸਾਹਿਬ ਪਹੁੰਚ ਕੇ ਗੁਲਾਬ ਰਾਏ ਅਤੇ ਸ਼ਯਾਮ ਸਿੰਘ ਨੂੰ ਇਕ ਹੁਕਮਨਾਮਾ ਦੇ ਕੇ ਰਾਜੇ ਨਾਹਣ ਪਾਸ ਭੇਜ ਦਿੱਤਾ ਜਿਸ ਵਿੱਚ ਲਿਖਿਆ ਸੀ ਉਨ੍ਹਾਂ ਨੂੰ ਕੋਲ ਰੱਖ ਕੇ ਸੇਵਾ ਕੀਤੀ ਜਾਵੇ।

ਜੱਥਾ ਅੱਗੇ ਚੱਲਿਆ। ਪਿਛੋਂ ਆਉਂਦੇ ਦੁਸ਼ਮਣ ਦਲਾਂ ਨੂੰ ਰੋਕਣ ਵਾਸਤੇ ਸਾਹਿਬਜਾਦਾ ਅਜੀਤ ਸਿੰਘ ਜੀ ਮੁਕਾਬਲੇ ਲਈ ਸ਼ਾਹੀ ਟਿੱਬੀ ਤੇ ਡੱਟ ਗਏ। ਗੁਰੂ ਜੀ ਨੇ ਭਾਈ ਉਦੇ ਸਿੰਘ ਜੀ (ਜਿਨ੍ਹਾਂ ਨੇ ਰਾਜਾ ਕੇਸਰੀ ਚੰਦ ਦਾ ਸਿਰ ਕੱਟਿਆ ਸੀ) ਮੱਦਦ ਲਈ ਭੇਜਿਆ। ਇਸ ਮੁਕਾਬਲੇ ਵਿੱਚ ਭਾਈ ਉਦੇ ਸਿੰਘ ਜੀ ਬਹਾਦਰੀ ਨਾਲ ਲੜਦੇ ਹੋਏ ਸੂਰਮਗਤੀ ਪ੍ਰਾਪਤ ਕਰ ਗਏ। ਮਲਕਪੁਰ ਰੰਘੜਾਂ ਦੀ ਜੂਹ ਵਿੱਚ ਹੋਏ ਸੰਗ੍ਰਾਮ ਵਿੱਚ ਮਹਾਂ-ਬਲੀ ਭਾਈ ਬਚਿੱਤਰ ਸਿੰਘ ਜੀ ਬਹੁਤ ਜ਼ਿਆਦਾ ਜ਼ਖਮੀ ਹੋ ਗਏ। ਬਾਬਾ ਅਜੀਤ ਸਿੰਘ ਜੀ ਨੇ ਭਾਈ ਸਾਹਿਬ ਨੂੰ ਜ਼ਖਮੀ ਹਾਲਤ ਵਿੱਚ ਘੋੜੇ ਤੇ ਲੱਦ ਲਿਆ ਅਤੇ ਨਾਲ ਲੈ ਤੁਰੇ।

ਸਰਸਾ ਨਦੀ ਜੋ ਉਸ ਵੇਲੇ ਹੜ੍ਹ ਦੇ ਪਾਣੀ ਕਰਕੇ ਸੱਚਾਈ ਦੇ ਇਸ ਕਾਫਲੇ ਦਾ ਰਾਹ ਡੱਕੀ ਖਲੋਤੀ ਸੀ। ਪਿੱਛੇ ਵੈਰੀ ਦਲ ਅੱਗੇ ਸਰਸਾ ਦਾ ਭਿਆਨਕ ਰੂਪ। ਕਾਫੀ ਸਿੰਘ ਨਦੀ ਪਾਰ ਕਰਦਿਆਂ ਰੁੜ੍ਹ ਗਏ, ਅਤੇ ਬਹੁਤ ਸਾਰੇ ਦੁਸ਼ਮਣ ਨਾਲ ਲੋਹਾ ਲੈਂਦਿਆ ਸ਼ਹੀਦ ਹੋ ਗਏ। ਜਿਨ੍ਹਾਂ ਵਿੱਚੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਲਿਅੌਣ ਵਾਲੇ ਭਾਈ ਜੈਤਾ ਜੀ(ਭਾਈ ਜੀਵਨ ਸਿੰਘ ਜੀ) ਦੀ ਸ਼ਹਾਦਤ ਬਾਰੇ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਦਰਜ ਹੈ:-

ਮਯਾਨ ਤੇ ਖੈਂਚ ਕ੍ਰਿਪਾਨ ਲਈ,
ਬਲਵਾਨ ਮਹਾਨ ਦਿਏ ਬਿਚਲਾਈ॥
ਛੋਭ ਤੇ ਛਾਲ ਮਹਾ ਉਛਲੈ,
ਕਟਿ ਅੰਗ ਨਿਸੰਗਹਿ ਭੰਡ ਸਦਾਈ॥
ਹਵੈ ਇੱਕ ਸੰਗ ਮਲੇਛ ਤੁਫੰਗ,
ਦਈ ਗਨ ਛੋਰ, ਕਰੀ ਸਮੁਹਾਈ॥
ਭਾਲ ਮੈ ਲਾਗਿ ਬਿਸਾਲ ਗਈ,
ਫੁਟਿ ਕੈ ਦਸ ਦਵਾਰ ਤਹਾਂ ਮ੍ਰਿਤ ਪਈ॥

ਕਰੀਬ 20 ਸਾਲਾਂ ਦੀ ਮੇਹਨਤ ਨਾਲ ਤਿਆਰ ਕੀਤਾ ਸਾਹਿਤ ਦਾ ਅਮੋਲ ਖਜ਼ਾਨਾ ਵਿਦਿਆ ਸਾਗਰ ਵੀ ਸਰਸਾ ਦੀ ਭੇਟਾ ਹੋ ਗਿਆ। ਇੱਥੇ ਦੀਨ ਦਿਆਲ ਜੀ ਦਾ ਪਰਿਵਾਰ ਤਿੰਨ ਹਿੱਸਿਆ ਵਿੱਚ ਵੰਡਿਆ ਗਿਆ। ਸਤਿਗੁਰੂ ਜੀ ਦੋਹਾਂ ਸਾਹਿਬਜਾਦਿਆਂ ਅਤੇ ਚਾਲੀ ਕੁ ਸਿੰਘਾਂ ਦੇ ਜਥੇ ਨਾਲ ਰੋਪੜ ਵੱਲ ਨੂੰ ਵਧੇ। ਦੋਵੇਂ ਮਾਤਾਵਾਂ (ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵਾਂ ਜੀ) ਭਾਈ ਮਨੀ ਸਿੰਘ ਅਤੇ ਦੋ ਸੇਵਕਾਵਾਂ ਸਹਿਤ ਹਰਿਦੁਆਰ ਤੋਂ ਹੁੰਦੇ ਹੋਏ ਦਿੱਲੀ ਨੂੰ ਚਲੇ ਗਏ। ਵੱਡੇ ਮਾਤਾ ਜੀ (ਮਾਤਾ ਗੁਜਰੀ ਜੀ) ਅਤੇ ਛੋਟੇ ਸਾਹਿਬਜ਼ਾਦਿਆਂ ਨੇ ਪਰਿਵਾਰ ਤੋਂ ਵੱਖ ਹੋਣ ਤੋਂ ਬਾਅਦ ਪਹਿਲੀ ਰਾਤ ਚੱਕ ਢੇਰਾਂ ਪਿੰਡ ਦੀ ਹੱਦ ਵਿਚ ਕੁੰਮੇ ਮਾਸ਼ਕੀ ਦੀ ਝੁੱਗੀ ਵਿਚ ਕੱਟੀ। ਗੁਰੂ ਜੀ ਅਤੇ ਨਾਲ ਦੇ ਸਿੰਘਾਂ ਨੂੰ ਬੂਰ ਮਾਝਰੇ ਕੋਲ ਜਾ ਕੇ ਦਿੱਲੀ ਵੱਲੋਂ ਹੋਰ ਫੌਜ ਆਉਣ ਦੀ ਸੂਚਨਾ ਮਿਲੀ। ਕੋਟਲਾ ਨਿਹੰਗ ਖਾਂ ਵਿਖੇ ਜ਼ਖਮੀ ਭਾਈ ਬਚਿੱਤਰ ਸਿੰਘ ਜੀ ਨੂੰ ਨਿਹੰਗ ਖਾਂ ਦੀ ਦੇਖ ਰੇਖ ਵਿਚ ਛੱਡ ਕੇ ਗੁਰੂ ਜੀ ਦਾ ਚੜ੍ਹਦੀ ਕਲਾ ਵਾਲਾ ਜਥਾ ਚਮਕੌਰ ਦੀ ਕੱਚੀ ਗੜ੍ਹੀ ਵਿਚ ਪਹੁੰਚ ਗਿਆ। ਯਾਦ ਰਹੇ ਕੇ ਭਾਈ ਬਚਿੱਤਰ ਸਿੰਘ ਜੀ ਦੀ ਸੇਵਾ ਕਰਨ ਵਾਲੇ ਨਿਹੰਗ ਖਾਂ ਦੇ ਪਿਤਾ ਨੌਰੰਗ ਖਾਂ ਦਾ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਵੇਲੇ ਤੋਂ ਹੀ ਗੁਰੂ ਦਰ ਨਾਲ ਬੇ-ਓੜਕ ਪਿਆਰ ਸੀ। ਇਸੇ ਲਈ ਨਿਹੰਗ ਖਾਂ ਨੇ ਮੁਸ਼ਕਿਲ ਭਰੇ ਸਮੇਂ ਵਿਚ ਇਸ ਮਹਾਨ ਸੇਵਾ ਨੂੰ ਖੁਸ਼ੀ-ਖੁਸ਼ੀ ਪ੍ਰਵਾਨ ਕੀਤਾ ਸੀ। ਜਦ ਜਾਫ਼ਰ ਅਲੀ ਖਾਂ ਚੌਂਕੀ ਸਰਦਾਰ ਇਸ ਦੇ ਘਰ ਦੀ ਤਲਾਸ਼ੀ ਲੈਣ ਲਈ ਆਇਆ, ਸਾਰਾ ਘਰ ਛਾਣ ਮਾਰਿਆ। ਇਕ ਕਮਰੇ ਨੂੰ ਕੁੰਡਾ ਲੱਗਾ ਵੇਖ ਕੇ ਪੁੱਛਿਆ ਇਥੇ ਕੌਣ ਹੈ? "ਇਥੇ ਮੇਰਾ ਧੀ ਜੁਆਈ ਹਨ, ਨਿਹੰਗ ਖਾਂ ਦਾ ਉੱਤਰ ਸੀ।

"ਕੋਈ ਸਬੂਤ ਦਿਓ।"

"ਹਾਂ ਕਿਉਂ ਨਹੀਂ?" ਗੁਰੂ ਕੇ ਸੇਵਕ ਖਾਨ ਨੇ ਕਿਹਾ। ਅੰਦਰ ਨੂੰ ਮੂੰਹ ਕਰਕੇ ਆਵਾਜ ਮਾਰੀ

"ਮੁਮਤਾਜ ਧੀਏ! ਸਭ ਖੈਰੀਅਤ ਹੈ ਨਾ!

ਹਾਂ, ਅੱਬੂ ਜਾਨ! ਸਭ ਖੈਰੀਅਤ ਹੈ।" ਧੀ ਦਾ ਜੁਆਬ ਸੀ।

ਇਹ ਸੁਣ ਜਾਫ਼ਰ ਅਲੀ ਚਲਾ ਗਿਆ। ਨਿਹੰਗ ਖਾਂ ਦੇ ਜਵਾਈ ਕਹਿਣ ਸਦਕਾ ਉਸ ਦੀ ਪਿਆਰੀ ਧੀ ਮੁਮਤਾਜ ਨੇ ਫਿਰ ਵਿਆਹ ਨਹੀਂ ਕਰਵਾਇਆ ਅਤੇ ਸਾਰੀ ਉਮਰ ਭਾਈ ਬਚਿੱਤਰ ਸਿੰਘ ਜੀ ਦੀ ਯਾਦ ਵਿੱਚ ਹੀ ਕੱਢ ਦਿੱਤੀ। ਭਾਈ ਬਚਿੱਤਰ ਸਿੰਘ ਜੀ ਜਖ਼ਮਾਂ ਦੀ ਤਾਬ ਨਾ ਝੱਲਦੇ ਹੋਏ 9 ਪੋਹ ਨੂੰ ਜਾਮੇ-ਸ਼ਹਾਦਤ ਪੀ ਗਏ। ਇਸ ਤਰ੍ਹਾਂ ਅਮਰ ਸ਼ਹੀਦ ਭਾਈ ਮਨੀ ਸਿੰਘ ਜੀ ਦੇ ਦੋ ਸਪੁੱਤਰ (ਭਾਈ ਉਦੇ ਸਿੰਘ ਅਤੇ

Sri Satguru Jagjit Singh Ji Elibrary NamdhariElibrary@gmail.com

ਭਾਈ ਬਚਿੱਤਰ ਸਿੰਘ) ਇਸ ਧਰਮ ਯੁੱਧ ਵਿੱਚ ਆਪਣੇ ਸਰੀਰਾਂ ਦੀਆਂ ਅਹੂਤੀਆਂ ਦੇ ਗਏ। ਸਤਿਗੁਰੂ ਜੀ ਦੇ ਆਨੰਦਪੁਰ ਛੱਡਣ ਵੇਲੇ ਪੰਜ ਕੁ ਸੌ ਦਾ ਜਥਾ ਸੀ, ਹੁਣ ਚਮਕੌਰ ਗੜ੍ਹੀ ਦੇ ਪਹੁੰਚਣ ਵੇਲੇ ਤੱਕ ਕੇਵਲ ਚਾਲੀ ਕੁ ਸਿੰਘ ਹੀ ਬਚੇ ਸਨ। ਜਦ ਗੁਰੂ ਸਾਹਿਬ ਗੜ੍ਹੀ ਅੰਦਰ ਪਹੁੰਚੇ, ਉਸ ਵੇਲੇ ਦੇ ਹਾਵ-ਭਾਵਾਂ ਬਾਰੇ ਹਕੀਮ ਮਿਰਜ਼ਾ ਯੋਗੀ ਅੱਲਾ ਯਾਰ ਖਾਂ ਕਹਿੰਦਾ ਹੈ ਕਿ ਪਾਤਸ਼ਾਹ ਕਹਿ ਰਹਿ ਸਨ:-

ਜਿਸ ਖਿੱਤੇ ਹਮ ਕਹਤੇ ਥੇ ਆਨਾ ਯਿਹ ਵੁਹੀ ਹੈ।
ਕਲ ਲੁਟ ਕੇ ਜਿਸ ਜਗਹ ਸੇ ਜਾਨਾ ਯਿਹ ਵੁਹੀ ਹੈ।
ਜਿਸ ਜਾ ਪਿ ਬੱਚੋ ਕੋ ਕਟਾਨਾ ਯਿਹ ਵੁਹੀ ਹੈ।
ਮੱਟੀ ਕਹ ਦੇਤੀ ਠਿਕਾਨਾ ਯਿਹ ਵੁਹੀ ਹੈ।

ਥੱਕੇ ਟੁੱਟੇ ਭੁਖਣ ਭਾਣੇ ਸਿੰਘ ਜਿਆਦਾਤਰ ਉਨੀਂਦਰੇ ਦੇ ਭੰਨੇ ਹੋਏ ਨੀਂਦ ਦੇ ਆਗੋਸ਼ ਵਿੱਚ ਚਲੇ ਗਏ। ਪਰ 'ਸਤਿਗੁਰੁ ਜਾਗਤਾ ਹੈ ਦੇਉ।' ਪਾਤਸ਼ਾਹ ਜਾਗ ਰਹੇ ਸਨ। ਕੈਸੇ ਫੁਰਮਾਨ ਹੋ ਰਹੇ ਸਨ:-

ਜਬ ਡੇਢ ਘੜੀ ਰਾਤ ਗਈ ਜ਼ਿਕਰੇ ਖੁਦਾ ਮੇਂ।
ਖੈਮੇ ਸੇ ਨਿਕਲ ਆ ਗਏ ਸਰਕਾਰ ਹਵਾ ਮੇਂ।
ਕਦਮੋਂ ਸੇ ਟਹਲਤੇ ਥੇ ਮਗਰ ਦਿਲ ਥਾ ਦੁਆ ਮੇਂ।
ਬੋਲੇ: ਐ ਖੁਦਾਵੰਦਾ! ਹੂੰ ਖੁਸ਼ ਤੇਰੀ ਰਜ਼ਾ ਮੇਂ।
ਕਰਤਾਰ ਸੇ ਕਰਤੇ ਥੇ ਗੋਯਾ ਰੂ-ਬ-ਰੂ ਹੋ ਕਰ।
ਕਲ ਜਾਊਂਗਾ ਚਮਕੌਰ ਸੇ ਮੈਂ ਸੁਰਖਰੂ ਹੋ ਕਰ।
.....
ਮੈਂ ਤੇਰਾ ਹੂੰ, ਬੱਚੇ ਭੀ ਮੇਰੇ ਤੇਰੇ ਹੈਂ ਮੌਲਾ।
ਥੇ ਤੇਰੇ ਹੀ, ਹੈਂ ਤੇਰੇ, ਰਹੇਂਗੇ ਤੇਰੇ ਦਾਤਾ।
ਜਿਸ ਹਾਲ ਮੇਂ ਰੱਖੇ ਤੂ, ਵਹੀ ਹਾਲ ਹੈ ਅੱਛਾ।
ਜੁਜ਼ ਸ਼ੁਕਰ ਕੇ ਆਨੇ ਕਾ ਜ਼ੁਬਾਂਪਰ ਨਹੀਂ ਸ਼ਿਕਵਾ।
ਲੇਟੇ ਹੂਏ ਹੈਂ ਖਾਲਸਾ ਜੀ ਆਜ ਜ਼ਮੀਂ ਪਰ।
ਕਿਸ ਤਰਹ ਸੇ ਚੈਨ ਆਏ ਹਮੇਂ ਸ਼ਾਹੀ ਨਸ਼ੀਂ ਪਰ।

ਗੁਰੂ ਜੀ ਸੁੱਤੇ ਹੋਏ ਸਿੰਘਾਂ ਦੇ ਕੋਲ ਜਾ-2 ਕੇ ਕਿਸੇ ਦੀ ਦਸਤਾਰ ਠੀਕ ਕਰਦੇ ਹਨ, ਕਿਸੇ ਦੇ ਖੁਲ੍ਹੇ ਕੇਸਾਂ ਤੋਂ ਧੂੜ ਝਾੜ ਕੇ ਕੇਸ ਬੰਨ੍ਹਦੇ ਹਨ, ਕਿਸੇ ਨੂੰ ਉਚੇ ਨੀਵੇਂ ਥਾਂ ਪਿਆ ਵੇਖ ਕੇ ਉਸ ਦਾ ਸਰੀਰ ਠੀਕ ਕਰਦੇ ਹਨ। ਯੋਗੀ ਅੱਲ੍ਹਾ ਯਾਰ ਖਾਂ ਦੀ ਕਾਵਿ ਉਡਾਰੀ ਬੇਮਿਸਾਲ ਹੈ, ਉਹ ਤਾਂ ਲਿਖਦਾ ਹੈ ਕਿ ਸਤਿਗੁਰੂ ਜੀ ਕਿਸੇ ਦਾ ਗਲਾ ਚੁੰਮਦੇ ਹਨ, ਕਿਸੇ ਦਾ ਮੁੱਖ ਚੁੰਮਦੇ ਹਨ, ਕਿਸੇ ਦੇ ਪੈਰਾਂ ਵੱਲੋਂ ਗੁਜਰਦੇ ਹੋਏ ਪੈਰਾਂ ਨੂੰ ਚੁੰਮ ਲੈਂਦੇ ਹਨ:-

ਚੁੰਮਾਂ ਕਭੀ ਹਲਕੂਮ ਦਹਨ ਚੂੰਮਨੇ ਬੈਠੇ।
ਜਬ ਪਾਇਤੀ ਆਏ ਤੋ ਚਰਨ ਚੂੰਮਨੇ ਬੈਠੇ।

ਆਪਣੇ ਪਿਆਰੇ ਸਾਹਿਬਜ਼ਾਦਿਆਂ ਕੋਲ ਜਾ ਕੇ ਸਾਹਿਬ ਬਚਨ ਕਰਨ ਲੱਗੇ:-

ਥੇ ਚਾਰ, ਹੋ ਅਬ ਦੋਹੀ, ਸਹਰ ਯਿਹ ਭੀ ਨ ਹੋਂਗੇ।
ਹਮ ਸਬਰ ਕਰੇਂਗੇ ਜੁ ਅਗਰ ਯਿਹ ਭੀ ਨ ਹੋਂਗੇ।
.....
ਫਰਮਾਤੇ ਥੇ ਕਲ ਦੋਨੋ ਹੀ ਪਰਵਾਨ ਚੜ੍ਹੋਗੇ।
ਦੁਖ ਭੋਗੇਂਗੇ ਹਮ, ਖੂਲਦ ਮੇ ਤੁਮ ਚੈਨ ਕਰੋਗੇ।
ਹੋਤੇ ਹੀ ਸਹਰ ਦਾਗ਼-ਏ-ਜੁਦਾਈ ਹਮੇਂ ਦੋਗੇ।
ਸਪਨੇ ਮੇ ਖਬਰ ਆ ਕੇ ਕਭੀ ਬਾਪ ਕੀ ਲੋਗੇ।
ਐ ਪਯਾਰੇ ਅਜੀਤਾ ਐ ਮੇਰੇ ਜੁਝਾਰ ਪਿਆਰੇ।
ਹਮ ਕਹਤੇ ਹੈਂ ਕੁਛ ਸੁਨਤੇ ਹੋ ਦਿਲਦਾਰ ਪਿਆਰੇ।

ਗੜ੍ਹੀ ਵਿੱਚ ਦਾਖਲ ਹੋਣ ਤੋਂ ਪਹਿਲਾਂ ਹੀ ਪਾਤਸ਼ਾਹ ਨੇ ਉਸ ਗੜ੍ਹੀ ਅਥਵਾ ਹਵੇਲੀ ਦਾ ਚੁਫੇਰਾ ਫਿਰ ਕੇ ਤੱਕਿਆ। ਚੰਗੀ ਤਰ੍ਹਾਂ ਨਿਰੀਖਣ ਕਰਕੇ ਗੁਰੂ ਜੀ ਨੇ ਸਵੇਰ ਹੁੰਦਿਆਂ ਹੀ ਹਵੇਲੀ ਦੀ ਤਕੜਾਈ ਕਰਨੀ ਸ਼ੁਰੂ ਕਰ ਦਿੱਤੀ। ਅੱਠਾਂ-2 ਸਿੰਘਾਂ ਨੂੰ ਚੌਹਾਂ ਬਾਹੀਆਂ ਤੇ ਤੈਨਾਤ ਕੀਤਾ। ਭਾਈ ਮਦਨ ਸਿੰਘ ਅਤੇ ਕਾਰਾ ਸਿੰਘ ਨੂੰ ਦਰਵਾਜੇ ਦਾ ਪਹਿਰਾ ਬਖ਼ਸ਼ ਦਿੱਤਾ। ਸਾਹਿਬਜਾਦਿਆਂ ਅਤੇ ਪਿਆਰਿਆਂ ਸਹਿਤ ਆਪ ਉਪਰਲੀ ਬੁਰਜੀ ਵਿੱਚ ਡੱਟ ਗਏ। ਉਧਰੋਂ ਵੈਰੀਆਂ ਦਾ ਟਿੱਡੀ ਦਲ ਵੀ ਗੜ੍ਹੀ ਦੁਆਲੇ ਆਣ ਪਹੁੰਚਾ ਅਤੇ ਹਮਲੇ ਦੀ ਤਿਆਰੀ ਕਰਨ ਬਾਰੇ ਸਾਹਿਬ ਜਫ਼ਰਨਾਮਹ ਵਿੱਚ ਜ਼ਿਕਰ ਕਰਦੇ ਹਨ:-

ਗੁਰਸਨਾਹ ਚਿਹ ਕਾਰੇ ਕੁਨੱਦ ਚਿਹਲ ਨਰ॥
ਕਿ ਦਹ ਲੱਕ ਬਰਾਯਦ ਬਰੋ ਬੇ ਖ਼ਬਰ॥

ਗਿਆਨੀ ਸੋਹਣ ਸਿੰਘ ਸੀਤਲ ਲਿਖਦੇ ਹਨ:-

ਕਬਿੱਤ:- ਵੈਰੀਆਂ ਦਾ ਦਲ ਲੱਥਾ ਆਣ ਚਮਕੌਰ ਵਿੱਚ, ਦਸ ਲੱਖ ਚੜ੍ਹ ਆਇਆ ਸਿੱਖੀ ਦੇ ਮਿਟਾਉਣ ਨੂੰ।
ਗੱਜਦੇ ਨੇ ਗਾਜ਼ੀ 'ਅਲੀ ਅਲੀ' ਕਹਿ ਮੈਦਾਨ ਵਿੱਚ, ਗਾਨੇ ਹੱਥੀਂ ਬੱਧੇ ਨੇ ਸ਼ਹੀਦੀਆਂ ਦੇ ਪਾਉਣ ਨੂੰ।
ਟਿੱਡੀ ਦਲ ਵਾਂਗ ਘੇਰਾ ਪਾ ਲਿਆ ਗੜ੍ਹੀ ਦੇ ਤਾਈਂ,
ਮਾਰਦੇ ਨੇ ਨਾਅਰੇ ਸੁੱਤੀ ਮੌਤ ਦੇ ਜਗਾਉਣ ਨੂੰ।
'ਸੀਤਲ ਅਨੋਖਾ ਘੋਲ ਹੋਊ ਚਮਕੌਰ ਵਿੱਚ,
ਚਾਲੀ ਖਲੇ, ਦਸ ਲੱਖ ਨਾਲ ਟਕਰਾਉਣ ਨੂੰ।

ਸਵੇਰ ਹੁੰਦਿਆਂ ਸਾਰ ਹੀ ਦੁਨੀਆਂ ਦਾ ਇਹ ਅਨੋਖਾ ਯੁੱਧ ਸ਼ੁਰੂ ਹੋ ਗਿਆ। ਸਰਹਿੰਦ ਦੇ ਵਜ਼ੀਰ ਖਾਂ ਵੱਲੋਂ ਢੰਡੋਰਾ ਪਿਟਵਾਇਆ ਗਿਆ ਕਿ ਜੇ ਗੁਰੂ ਜੀ ਆਪਣੇ ਆਪ

Sri Satguru Jagjit Singh Ji Elibrary NamdhariElibrary@gmail.com

ਨੂੰ ਆਪਣੇ ਸਾਥੀਆਂ ਨਾਲ ਸਾਡੇ ਪੇਸ਼ ਕਰ ਦੇਣ ਤਾਂ ਉਨ੍ਹਾਂ ਦੀ ਜਾਨ ਬਖ਼ਸ਼ੀ ਜਾ ਸਕਦੀ ਹੈ। ਇਸ ਦਾ ਜੁਆਬ ਸਾਹਿਬੇ-ਕਮਾਲ ਮਹਾਂ ਬਲੀ ਗੁਰੂ ਗੋਬਿੰਦ ਸਿੰਘ ਜੀ ਨੇ ਤੀਰਾਂ ਦੀ ਵਰਖਾ ਕਰਕੇ ਦਿੱਤਾ। ਦੋਹਾਂ ਪਾਸਿਓਂ ਅਸਤ੍ਰ ਚੱਲਣ ਲੱਗੇ। ਪਰ ਕੋਈ ਵੀ ਹਵੇਲੀ ਦੇ ਨੇੜੇ ਢੁੱਕਣ ਦਾ ਹੌਸਲਾ ਨਹੀਂ ਸੀ ਕਰ ਰਿਹਾ। ਸੂਬਾ ਸਰਹਿੰਦ ਦੇ ਵੰਗਾਰਨ ਤੇ ਮਲੇਰ ਕੋਟਲੇ ਵਾਲਾ ਨਾਹਰ ਖਾਂ ਅੱਗੇ ਵਧਿਆ ਅਤੇ ਅਛੋਪਲੇ ਜਿਹੇ ਕੰਧ ਨਾਲ ਪਉੜੀ ਲਾ ਕੇ ਉਪਰ ਚੜ੍ਹਨ ਲੱਗਾ। ਉੱਪਰ ਸਿਰ ਕੱਢਦਿਆਂ ਹੀ ਗੁਰੂ ਜੀ ਨੇ ਤੀਰ ਦਾ ਅਜਿਹਾ ਵਾਰ ਕੀਤਾ ਕਿ ਉਹ ਉਥੇ ਹੀ ਢੇਰੀ ਹੋ ਗਿਆ। ਸਾਹਿਬ ਫੁਰਮਾਉਂਦੇ ਹਨ ਕਿ:-

ਚੂੰ ਦੀਦਮ ਕਿ ਨਾਹਰ ਬਿਆਮਦ ਬ-ਜੰਗ॥
ਚਸ਼ੀਦਹ ਯਕੇ ਤੀਰਿ ਮਨ ਬੇਦਰੰਗ॥

ਭਾਵ: ਜਦੋਂ ਮੈਂ ਨਾਹਰ ਖਾਂ ਜੰਗ ਵਿੱਚ ਅੱਗੇ ਵਧਦਾ ਵੇਖਿਆ ਤਾਂ ਉਸਨੇ ਮੇਰੇ ਇਕ ਤੀਰ ਦਾ ਤਤਛਿਨ ਸੁਆਦ ਚੱਖਿਆ ਭਾਵ ਉਹ ਮਰ ਗਿਆ। ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਤੀਰ ਨਾਹਰ ਖਾਂ ਦੀ ਛਾਤੀ ਨੂੰ ਵਿੰਨ੍ਹਦਾ ਹੋਇਆ ਜ਼ਮੀਨ ਵਿੱਚ ਜਾ ਧਸਿਆ ਮਾਨੋ ਕਿ ਉਡਣਾ ਸੱਪ ਡੰਗ ਮਾਰ ਕੇ ਵਰਮੀ ਵਿੱਚ ਜਾ ਵੜਿਆ ਹੋਵੇ।

ਕਾਨ ਲੌ ਤਾਨਿ ਕੈ ਬਾਨ ਤਜਯੋ
ਸੁ ਅਚਾਰਨ ਜਾਇ ਲਗਯੋ ਹੁਇ ਪਾਰੇ॥
ਜਯੋ ਉਡ ਕੈ ਬਡ ਸਰਪ ਗਯੋ,
ਬਰਮਿ ਬਰਿ ਕੈ ਨਹਿ ਅੰਗ ਦਿਖਾਰੇ॥

ਨਾਹਰ ਖਾਂ ਦੇ ਮਰਨ ਨਾਲ ਵੈਰੀ-ਦਲਾਂ ਵਿੱਚ ਤੜਥੱਲੀ ਮੱਚ ਗਈ। ਗੁਰੂ ਜੀ ਨੂੰ ਹੱਥੀਂ ਫੜ੍ਹ ਲੈਣ ਦੀਆਂ ਸ਼ੇਖੀਆਂ ਮਾਰਨ ਵਾਲੇ ਪਠਾਣ ਮੂੰਹ ਛੁਪਾ ਕੇ ਭੱਜਣ ਲੱਗੇ। ਫਿਰ ਹੌਂਸਲਾ ਕਰਕੇ ਗਨੀ ਖਾਂ ਅੱਗੇ ਵਧਿਆ। ਕੰਧ ਤੋਂ ਹਾਲੇ ਸਿਰ ਕੱਢਣ ਹੀ ਲੱਗਾ ਸੀ ਕਿ ਪਾਤਸ਼ਾਹ ਨੇ ਗੁਰਜ ਨਾਲ ਇਸਦਾ ਸਿਰ ਭੰਨ ਸੁੱਟਿਆ। ਹੁਣ ਬਾਦਸ਼ਾਹ ਦਾ ਸਭ ਤੋਂ ਭਰੋਸੇ ਯੋਗ ਜਰਨੈਲ, ਮਲੇਰ ਕੋਟਲੇ ਵਾਲੇ ਸ਼ੇਰ ਮੁਹੰਮਦ ਖਾਂ ਦਾ ਭਰਾ, ਖੁਆਜਾ ਖਿਜਰ ਜਫ਼ਰ ਬੇਗ ਖਾਨ ਜੋ ਇਸ ਮੁਹਿੰਮ ਦੀ ਅਗਵਾਈ ਕਰ ਰਿਹਾ ਸੀ, ਗੜ੍ਹੀ ਦੇ ਨੇੜੇ ਪਹੁੰਚਿਆ, ਆਪਣੇ ਸਾਥੀ ਜਰਨੈਲਾਂ ਨੂੰ ਮਰਦਾ ਦੇਖ ਕੇ ਅੱਗੇ ਵਧਣ ਦਾ ਹੀਆ ਨਾ ਕਰ ਸਕਿਆ ਅਤੇ ਦੀਵਾਰ ਦੇ ਓਹਲੇ ਹੋ ਗਿਆ। ਗੁਰੂ ਜੀ ਇਸ ਨੂੰ ਮਰਦੂਰ (ਧ੍ਰਿਕਾਰਿਆ ਹੋਇਆ) ਕਰਕੇ ਲਿਖਦੇ ਹਨ। ਆਪ ਦਾ ਫੁਰਮਾਨ ਹੈ ਉਹ ਨਾਮਰਦ ਮੇਰੇ ਸਾਹਮਣੇ ਨਾ ਆਇਆ। ਕਾਸ਼! ਜੇ ਮੈਂ ਉਸਦਾ ਮੂੰਹ ਵੇਖ ਲੈਂਦਾ ਤਾਂ ਇਕ ਤੀਰ ਉਸਨੂੰ ਵੀ ਬਖ਼ਸ ਦਿੰਦਾ

ਕਿ ਆਂ ਖੁਆਜਾ ਮਰਦੂਦ ਸਾਯਹ-ਇ-ਦੀਵਾਰ॥
ਨਿਆਮਦ ਬ-ਮੈਦਾਂ ਬ-ਮਰਦਾਨਹ ਵਾਰ॥
ਦਰੇਗਾ! ਅਗਰ ਰੂਇ ਊ ਦੀਦਮੇ॥
ਬ-ਯਕ ਤੀਰ ਲਾਚਾਰ ਬਖ਼ਸ਼ੀਦਮੇ॥

ਹੁਣ ਵਜੀਰ ਖਾਂ ਵਲੋਂ ਇਕ ਵਾਰਗੀ ਹੱਲਾ ਹੁਕਮ ਕਰਨ ਦਾ ਹੁਕਮ ਦਿੱਤਾ ਗਿਆ। ਉਧਰੋਂ ਅੰਦਰ ਦੀ ਸਥਿਤੀ ਬੜੀ ਨਾਜਕ ਸੀ। ਭਾਈ ਰਤਨ ਸਿੰਘ ਭੰਗੂ ਲਿਖਦੇ ਹਨ:-

ਅਬ ਅੰਦਰ ਕੀ ਬਾਤ ਸੁਨਾਊਂ॥
ਹੁਤੋਂ ਨ ਅੰਦਰ ਅੰਨ ਕਿਥਾਊਂ॥
ਕੰਧ ਚਿਣੀ ਕਿਛ ਆਛੀ ਨਾਹਿਂ॥
ਹੁਤੇ ਨ ਮੁਰਚੇ ਰੱਖੇ ਮਾਂਹਿ॥
ਜਿਨ ਸਿੱਧੇ ਕਰ ਸ਼ਸਤ ਚਲਾਏ॥
ਜਿਸੈ ਓਟ ਕਰ ਸੀਸ ਬਚਾਏ॥
ਨਹਿਂ ਲੱਭੇ ਤਿਹ ਭੁੰਨਣ ਕੋ ਦਾਣਾ॥
ਜੋ ਲੱਭੈ ਤਾਂ ਕਦ ਮਿਲੈ ਖਾਣਾ॥
ਦਾਰੂ ਸਿੱਕੋ ਗਯੋ ਮੁਕਾਈ॥
ਰਹਯੋ ਨ ਤੀਰ ਤੁਨੀਰਨ ਮਾਂਹੀ॥
ਜ਼ਖ਼ਮੀ ਜੋਗ ਕਿਤ ਲਭੈ ਨ ਪਾਨੀ॥
ਜੈਸੀ ਔਖੀ ਤਹਾਂ ਬਿਹਾਨੀ॥

ਪਰੰਤੂ ਗੁਰੂ ਕੇ ਮਰਜੀਵੜੇ ਸਿੰਘ ਸਿਰ ਧੜ ਦੀ ਬਾਜੀ ਲਾਈ ਬੈਠੇ ਸਨ। ਸਤਿਗੁਰੂ ਜੀ ਨੇ ਵਕਤ ਦੀ ਨਜ਼ਾਕਤ ਨੂੰ ਵੇਖਦਿਆਂ ਪੰਜ-ਪੰਜ ਸਿੰਘਾਂ ਦੇ ਜਥੇ ਮੁਕਾਬਲੇ ਲਈ ਬਾਹਰ ਭੇਜਣ ਦਾ ਪ੍ਰੋਗਰਾਮ ਬਣਾਇਆ। ਸਿੰਘ ਸੂਰਮੇ ਅੱਗੇ ਵਧ ਰਹੀ ਫੌਜ ਨੂੰ ਅੱਗੋਂ ਜਾ ਡੱਕਾ ਲੌਂਦਾ। ਲੋਹੇ ਤੇ ਖੂਬ ਲੋਹਾ ਖੜਕਦਾ। ਸੈਂਕੜਿਆਂ ਨੂੰ ਮੌਤ ਦੇ ਘਾਟ ਉਤਾਰ ਕੇ ਪਹਿਲਾ ਜਥਾ ਰਣ ਤੱਤੇ ਵਿੱਚ ਸ਼ਹੀਦੀ ਪਾ ਗਿਆ। ਕਿਸੇ ਪਾਸੇ ਜੈ-ਜੈਕਾਰ ਅਤੇ ਕਿਸੇ ਪਾਸੇ ਹਾਹਾਕਾਰ ਮਚ ਰਹੀ ਸੀ। ਨਵਾਬ ਸਰਹਿੰਦ ਦੇ ਸਾਰੇ ਜਰਨੈਲ ਹਦਾਇਤ ਖਾਂ, ਇਸਮਾਈਲ ਖਾਂ, ਫੌਲਾਦ ਖਾਂ, ਸੁਲਤਾਨ ਖਾਂ, ਉਸਮਾਨ ਖਾਂ, ਜਹਾਨ ਖਾਂ, ਖਲੀਲ ਖਾਂ, ਭੂਰੇ ਖਾਂ ਆਦਿ ਗੜ੍ਹੀ ਨੂੰ ਘੇਰਨ ਲਈ ਅੱਗੇ ਵਧੇ। ਗੁਰੂ ਸਾਹਿਬ ਦੇ ਲਖਤੇ-ਜਿਗਰ ਬਾਬਾ ਅਜੀਤ ਸਿੰਘ ਜੀ ਸਮੇਂ ਦੀ ਮੰਗ ਵੇਖ ਪਾਤਸ਼ਾਹ ਦੇ ਹਜ਼ੂਰ ਹੱਥ ਬੰਨ੍ਹ ਆ ਖੜੇ ਹੋਏ। ਬੇਨਤੀ ਕੀਤੀ ਹਜ਼ੂਰ!

ਮੁਝ ਕੋ ਭੀ ਦੀਜੋ ਹੁਕਮ ਕਿ ਜੌਹਰ ਦਿਖਾਊਂ ਮੈਂ।
ਜਾਏ ਬਲਾ ਸੇ ਜਾਨ, ਪੈ ਵਾਪਸ ਨ ਆਊਂ ਮੈਂ।

Sri Satguru Jagjit Singh Ji Elibrary NamdhariElibrary@gmail.com

ਜੋਸ਼ ਸੇ ਮੈਦਾਨ ਮੈਂ ਕਦਮ ਬੜਾਊਂ ਮੈਂ।
ਭੂਚਾਲ ਕੀ ਤਰਹ ਸੇ ਜਹਾਂ ਕੋ ਹਿਲਾਊਂ ਮੈਂ।
ਮੈਂ ਨਾਮ ਕਾ ਅਜੀਤ ਹੂੰ, ਜੀਤਾ ਨਾ ਜਾਊਂਗਾ।
ਜੀਤਾ ਤੋ ਖੈਰ ਹਾਰ ਜੀਤਾ ਨਹੀਂ ਆਊਂਗਾ।

(ਮਿਰਜ਼ਾ ਮੁਹੰਮਦ ਅਬਦੁੱਲ ਗਨੀ)

ਗੁਰੂ ਪਿਤਾ ਤੋਂ ਥਾਪੜਾ ਲੈ ਕੇ ਤਕਰੀਬਨ ਅਠਾਰਾਂ ਕੁ ਸਾਲ ਦੀ ਉਮਰ ਦੇ ਮੁੱਛ-ਫੁੱਟ ਗੱਭਰੂ ਸਾਹਿਬ ਅਜੀਤ ਸਿੰਘ ਜੀ ਆਪਣੇ ਅੱਠ ਕੁ ਸਾਥੀਆਂ ਨਾਲ ਗੜ੍ਹੀ ਦੇ ਦਰਵਾਜੇ ਤੋਂ ਬਾਹਰ ਨਿਕਲੇ। ਮਰਣ ਮੰਡਣ ਦਾ ਚਾਅ ਮਨਾਂ ਵਿੱਚ ਲੈ ਕੇ 'ਮਰਨੇ ਤੇ ਕਿਆ ਡਰਪਨਾ' ਦਾ ਤਰਾਨਾ ਗਾਉਂਦੇ, ਜੈਕਾਰੇ ਗਜਾਉਂਦੇ ਸਿੰਘ ਦੁਮਣ ਦਲਾਂ ਉੱਤੇ ਬਾਜਾਂ ਵਾਂਗੂ ਜਾ ਝਪਟੇ। ਬਾਬਾ ਜੀ ਅਸਤ੍ਰਾਂ ਦੀ ਵਰਖਾ ਕਰ ਰਹੇ ਸਨ। ਤਿੱਖੇ ਤੀਰ ਦੁਸ਼ਮਣਾਂ ਦੀਆਂ ਛਾਤੀਆਂ ਵਿੰਨ੍ਹ ਰਹੇ ਸਨ। ਤੀਰ ਮੱਕਣ ਤੇ ਬਾਬਾ ਜੀ ਨੇਜੇ ਨਾਲ ਮੁਕਾਬਲਾ ਕੀਤਾ। ਸੰਜੋਅ ਨਾਲ ਮੜ੍ਹੇ ਹੋਏ ਇਕ ਮੁਗਲ ਸਰਦਾਰ ਦੇ ਸੀਨੇ ਵਿੱਚ ਵੱਜੇ ਨੇਜ਼ੇ ਦੀ ਅਣੀ ਮੁੜ ਜਾਣ ਤੇ ਜਦ ਉਹ ਵਾਪਸ ਨਾ ਕੱਢਿਆ ਜਾ ਸਕਿਆ ਤਾਂ ਦਸਮੇਸ਼-ਦੁਲਾਰੇ ਨੇ ਤਲਵਾਰ ਸੂਤ ਲਈ। ਕਵੀ ਸੈਨਾਪਤੀ ਜੀ ਲਿਖਦੇ ਹਨ:

ਟੂਟ ਕੈ ਸਾਂਗ ਦੁਇ ਟੂਕ ਹੁਇ ਭੂਇ ਪਰੀ,
ਗਹੀ ਤਰਵਾਰ ਦਲ ਬਹੁਤ ਗਾਰੇ।
ਏਕ ਕੈ ਸੀਸ ਧਰ ਦੁਇ ਟੂਕਰੇ ਕਰੈ,
ਦੁਇ ਕੈ ਸੀਸ ਧਰ ਕਰਤ ਚਾਰੇ।
ਭਾਂਤਿ ਇਹ ਪੂਰ ਪਰਵਾਹ ਦੀਨੇ ਕਈ,
ਰਕਤ ਦਰੀਆਉ ਮੈ ਪਰੇ ਸਾਰੇ।
ਗਿਰੇ ਬਿਕਰਾਲ ਬਿਹਾਲ ਸੁਧ ਕਛੁ ਨਹੀਂ,
ਪਰੇ ਰਣ ਮਾਹਿ ਸਭ ਕਛੁ ਬਿਸਾਰੇ।

ਆਖਿਰ ਥੋੜ੍ਹਿਆਂ ਦਾ ਬੇ-ਸ਼ੁਮਾਰ ਨਾਲ ਮੁਕਾਬਲਾ ਕਿੰਨਾ ਚਿਰ ਚੱਲਣਾ ਸੀ। ਨਾਲ ਦੇ ਸਿੰਘ ਇੱਕ-ਇੱਕ ਕਰ ਕੇ ਸ਼ਹੀਦੀਆਂ ਪਾ ਗਏ। ਇਕੱਲਿਆਂ ਵੇਖ ਕੇ ਸਾਰੇ ਦੁਸ਼ਮਣਾਂ ਨੇ ਸਾਹਿਬਜਾਦੇ ਅਜੀਤ ਸਿੰਘ ਜੀ ਉੱਪਰ ਇਕੋ ਵਾਰੀ ਹੱਲਾ ਬੋਲ ਦਿੱਤਾ ਅਤੇ ਆਪ ਦਾਦੇ ਦੀ ਪੁਰੀ ਜਾ ਪਹੁੰਚੇ। ਇਸ ਸਾਰੇ ਦ੍ਰਿਸ਼ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਨੇਤ੍ਰਾਂ ਨਾਲ ਤੱਕਿਆ ਅਤੇ ਜੈਕਾਰੇ ਗਜਾਉਂਦੇ ਹੋਏ ਬਚਨ ਕੀਤਾ:

ਪੀਯੋ ਪਯਾਲਾ ਪ੍ਰੇਮ ਕਾ, ਭਯੋ ਸੁਮਨ ਅਵਤਾਰ॥
ਆਜ ਖਾਸ ਭਏ ਖਾਲਸਾ ਸਤਿਗੁਰ ਕੇ ਦਰਬਾਰ।

ਆਪਣੇ ਵੱਡੇ ਭਰਾਤਾ ਸਾਹਿਬ ਅਜੀਤ ਸਿੰਘ ਜੀ ਨੂੰ ਸ਼ਹੀਦ ਹੁੰਦਾ ਵੇਖ ਕੇ ਛੋਟੇ ਵੀਰ ਜੁਝਾਰ ਸਿੰਘ ਜੀ ਅੰਦਰ ਵੀ ਰਣ-ਤੱਤੇ ਵਿੱਚ ਜੂਝਣ ਦਾ ਚਾਅ ਠਾਠਾਂ ਮਾਰ ਉੱਠਿਆ। ਉੱਚੀ ਆਵਾਜ਼ ਵਿੱਚ ਆਖਿਆ, "ਪਿਆਰੇ ਵੀਰ, ਜ਼ਰਾ ਰੁਕ ਜਾ ਮੈਂ ਆ ਗਿਆ।" ਤਤ-ਛਿਨ ਗਲ ਵਿੱਚ ਪੱਲਾ ਪਾ ਕੇ ਗੁਰੂ ਜੀ ਦੇ ਸਨਮੁੱਖ ਆ ਹਾਜ਼ਿਰ ਹੋਇਆ, ਅਤੇ ਸ਼ਹਾਦਤ ਪ੍ਰਾਪਤ ਕਰਨ ਲਈ ਆਪਾ ਪੇਸ਼ ਕੀਤਾ।

ਗਲ ਵਿੱਚ ਪੱਲਾ ਪਾ ਕੇ ਉੱਠਿਆ ਜੁਝਾਰ ਸਿੰਘ,
ਚੌਦਾਂ ਸਾਲ ਉਮਰ ਮੈਂ ਬੋਲ ਕੇ ਸੁਣਾਂਵਦਾ।
ਹੱਥ ਜੋੜ ਆਗਿਆ ਖਲੋਤਾ ਮੰਗੇ ਪਿਤਾ ਕੋਲੋਂ,
ਦਿਉ ਮੈਨੂੰ ਆਗਿਆ ਮੈਂ ਜੰਗ ਜਾਣਾ ਚਾਂਹਵਦਾ।
ਵੈਰੀਆਂ ਦੇ ਕੋਲੋਂ ਵੈਰ ਲੈਣਾ ਹੈ ਮੈਂ ਵੀਰ ਵਾਲਾ,
ਜੀਉਂਦਾ ਜੰਗ ਵਿਚੋਂ ਆ ਕੇ ਜੰਗ ਜਾਣਾ ਵਿਖਾਂਵਦਾ।
ਛੇਤੀ ਦਿਉ ਆਗਿਆ ਪਿਤਾ ਜੀ,
ਕਹਿੰਦਾ ਸੋਹਣ ਸਿੰਘਾ,
ਸੱਚਾ ਸਤਿਗੁਰੂ ਦਿਲ ਖੁਸ਼ੀ ਹੈ ਮਨਾਂਵਦਾ।

(ਸੋਹਣ ਸਿੰਘ ਘੁੱਕੇ ਵਾਲੀਆ)

ਗੁਰੂ ਜੀ ਨੇ ਅੱਗੇ ਵਧ ਕੇ ਆਪਣੇ ਲਾਡਲੇ ਦਾ ਮੱਥਾ ਚੁੰਮਿਆ।

ਐ ਨੂਰੇ ਦੀਦਾ ਰਾਹਤੇ ਜਾਂ ਗੋਸ਼ਾ-ਏ ਜਿਗਰ।
ਬੈਠੋ ਜ਼ਰਾ ਸੀ ਦੇਰ, ਮੇਰੇ ਪਾਸ ਆਨ ਕਰ।
ਦੁਲਹਾ ਬਨਾਉਂ ਮੈਂ ਤੁਮ੍ਹੇਂ, ਦੇਖੋ ਜ਼ਰਾ ਇਧਰ।
ਕਪੜੇ ਪਹਿਨਾਊਂ ਮੈਂ ਤੁਮ੍ਹੇਂ, ਐ ਸੂਰਮਾ ਪਿਸਰ।
ਐ ਬੇਟਾ ਆਜ ਬਾਪ, ਤੇਰਾ ਮੂੰਹ ਧੁਲਾਏਗਾ।
ਦੁਨੀਆਂ ਮੇਂ ਆਬਰੂ ਤੇਰੀ ਅਪਨੀ ਬੜ੍ਹਾਏਗਾ।

ਮਿਰਜ਼ਾ ਮੁਹੰਮਦ ਅਬਦੁਲ ਗਨੀ

ਬਾਜ਼ਾਂ ਵਾਲੇ, ਪੁੱਤਰ ਨੂੰ ਛਾਤੀ ਨਾਲ ਲਾਇਆ। ਪੰਜ ਪਿਆਰਿਆਂ ਵਿਚੋਂ ਦੀ ਪਿਆਰੇ ਭਾਈ ਹਿੰਮਤ ਸਿੰਘ ਅਤੇ ਭਾਈ ਸਾਹਿਬ ਸਿੰਘ ਜੀ ਸਹਿਤ ਪੰਜ ਸਿੰਘ ਨਾਲ ਭੇਜੇ। ਆਪਣੇ ਹੱਥੀਂ ਤੋਰਨ ਲੱਗਿਆਂ ਮਰਦ-ਅਗੰਮੜੇ ਨੇ ਬਚਨ ਕੀਤਾ, " ਲਾਲ ਜੀਉ, ਧਰਮ ਯੁੱਧ ਵਿੱਚ ਚੱਲੇ ਹੋ, ਆਪਣੇ ਪੜਦਾਦਾ ਦੀ ਬਹਾਦਰੀ ਨੂੰ ਦਿਲ ਵਿੱਚ ਵਸਾ ਕੇ ਰੱਖਣਾ। ਦਾਦੇ ਦੀ ਪੱਗ ਨੂੰ ਉੱਚਾ ਕਰਨਾ। ਸ਼ਹੀਦ ਹੋਣ ਲੱਗਿਆਂ, ਇਕ ਵਾਰ ਆਪਣਾ ਮੁੱਖ ਮੇਰੇ ਵੱਲ ਕਰਨਾ, ਤਾਂ ਕਿ ਮੈਂ ਆਪਣੇ ਅਣਖੀਲੇ ਲਾਲ ਨੂੰ ਆਪਣੀਆਂ ਅੱਖਾਂ ਨਾਲ ਸ਼ਹੀਦ ਹੁੰਦਾ ਵੇਖ ਸਕਾਂ।" ਬਾਬਾ ਜੁਝਾਰ ਸਿੰਘ ਜੀ ਪਿਤਾ ਤੋਂ ਖੁਸ਼ੀਆਂ ਲੈ ਕੇ, ਮੈਦਾਨ ਵਿੱਚ ਜਾ ਪ੍ਰਵੇਸ਼ੇ। ਮੈਦਾਨੇ-ਜੰਗ ਫਿਰ ਗਰਮ ਹੋ ਗਿਆ। ਲੋਥਾਂ ਦੇ ਢੇਰ ਲੱਗਣ ਲੱਗੇ। ਬਾਬਾ ਜੀ

Sri Satguru Jagjit Singh Ji Elibrary NamdhariElibrary@gmail.com

ਪਹਿਲਾਂ ਤੀਰ, ਫਿਰ ਨੇਜਾ ਚਲਾ ਕੇ ਵੈਰੀ ਦੇ ਦੰਦ ਖੱਟੇ ਕੀਤੇ। ਪਿਛੋਂ ਤਲਵਾਰ ਦੇ ਐਸੇ ਜੌਹਰ ਵਿਖਾਏ ਕਿ ਲੁਕਾਈ ਮੂੰਹ ਵਿੱਚ ਉੱਗਲਾਂ ਪਾ ਗਈ। ਦੁਸ਼ਮਣ ਦਲ ਪੈਰੋ-ਪੈਰ ਘੇਰਾ ਤੰਗ ਕਰੀ ਜਾ ਰਿਹਾ ਸੀ। ਕਵੀ ਹਰੀ ਸਿੰਘ ਜੀ ਜੰਗ ਦਾ ਨਕਸ਼ਾ ਇਸ ਤਰ੍ਹਾਂ ਖਿੱਚਦੇ ਹਨ:

ਚੜੰਤ ਗੱਜ ਗੱਜਰੀ ਲੜੰਤ ਬੱਜ ਬੱਜਰੀ
ਭਿੜੰਤ ਭੱਜਰੀ ਕੜਾਕ ਬਾਣ ਛੁੱਟਦੇ।
ਝਵੰਤ ਅੰਗ ਅੰਗਰੀ ਹੁਵੰਤ ਭੰਗ ਭੰਗਰੀ
ਫੁਟੰਤ ਬੰਗ ਬੰਗਰੀ ਫੜਾਕ ਸੀਸ ਫੁੱਟਦੇ।
ਤੁੜੰਤ ਪਿੰਜ ਪਿੰਜਰੀ ਕਢੰਤ ਮਿੰਜ ਮਿੰਜਰੀ
ਡਿੰਗਤ ਖਿੰਜ ਖਿੰਜਰੀ ਤੜਾਕ ਅਸਤ ਟੁੱਟਦੇ।
ਉਠੰਤ ਟੰਪ ਟੱਪਰੀ ਅਰੰਤ ਖੱਪ ਖੱਰੀ
ਸਿਟੰਤ ਕੱਪ ਕੱਪਰੀ ਲੜਾਕ ਜੁੱਧ ਜੁੱਟਦੇ।

ਗੁਰੂ ਜੀ ਗੜੀ ਉਪਰੋਂ ਵੈਰੀ ਦਲਾਂ ਉੱਪਰ ਤੀਰਾਂ ਦੀ ਵਰਖਾ ਕਰ ਰਹੇ ਸਨ। ਜੈਕਾਰਿਆਂ ਨਾਲ ਆਪਣੇ ਪਿਆਰਿਆਂ ਦਾ ਹੌਂਸਲਾ ਵਧਾ ਰਹੇ ਸਨ ਅਤੇ ਆਪਣੇ ਲਾਲ ਦੀ ਸੂਰਮਗਤੀ ਤੋਂ ਸਦਕੇ ਜਾ ਰਹੇ ਸਨ। ਜੁਝਾਰ ਸਿੰਘ ਦੀ ਤਲਵਾਰ ਨੇ ਕਸਮਾਂ ਤੋੜਨ ਵਾਲੇ, ਝੂਠੇ ਅਤੇ ਮਕਾਰ ਜਰਨੈਲਾਂ ਨੂੰ ਹੈਰਾਨ ਕੀਤਾ ਹੋਇਆ ਸੀ।

ਸੱਥਰ ਬੇ ਸਿਰਾਂ ਦੇ ਉਧਰ ਨਜ਼ਰ ਆਵਣ,
ਜਿਧਰ ਸੂਰਮਾ ਫੇਰੇ ਤਲਵਾਰ ਦਾ ਮੂੰਹ।
ਨੱਸੇ ਵੈਰੀਆਂ ਦੀ ਫ਼ੌਜ ਖ਼ੌਫ ਖਾ ਕੇ,
ਦੇਖ ਉਹਦੀ ਤਲਵਾਰ ਖ਼ਮਦਾਰ ਦਾ ਮੂੰਹ।
ਲੱਗੇ ਜਿਹਨੂੰ ਵੀ ਉਹਦੀ ਤਲਵਾਰ ਦਾ ਮੂੰਹ,
ਉਹਨਾਂ ਫੇਰ ਵੇਖੇ ਦੂਜੇ ਵਾਰ ਦਾ ਮੂੰਹ।
'ਬੇਦਿਲ' ਜ਼ਰਦ ਹੋ ਗਿਆ ਸੀ ਓਸ ਵੇਲੇ
ਉਹਦੇ ਵੈਰੀ ਦੇ ਸਿਪਾਹ ਸਲਾਰ ਦਾ ਮੂੰਹ।

ਇਸ ਜੰਗ ਵਿੱਚ 'ਸਵਾ ਲਾਖ ਸੇ ਏਕ ਲੜਾਊਂ' ਦਾ ਬਚਨ ਪੂਰਨ ਰੂਪ ਵਿੱਚ ਸਾਕਾਰ ਹੋ ਰਿਹਾ ਸੀ। ਆਖ਼ਿਰ ਬਹੁਤਿਆਂ ਨੂੰ ਜ਼ਹੰਨਮ ਦਾ ਟਿਕਟ ਦੇ ਕੇ ਬਾਬਾ ਜੁਝਾਰ ਸਿੰਘ ਅਤੇ ਉਨ੍ਹਾਂ ਦਾ ਸਾਥੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਜਾ ਹਾਜ਼ਿਰ ਹੋਏ। ਦੁਰਗਾ ਦਾਸ ਜੀ 'ਬੇਦਿਲ' ਸ਼ਹੀਦੀ ਯਾਦ ਨੂੰ ਮਨ ਵਿੱਚ ਵਸਾ ਕੇ ਬਾਬਾ ਜੁਝਾਰ ਸਿੰਘ ਜੀ ਨੂੰ ਸੰਬੋਧਨ ਕਰਦੇ ਹੋਏ ਲਿਖਦੇ ਹਨ:-

ਅਜੇ ਤੱਕ ਚਮਕੌਰ ਦੀ ਗੜ੍ਹੀ ਵਾਲੀ
ਫਿਰੇ ਅੱਖੀਆਂ ਅੱਗੇ ਤਲਵਾਰ ਤੇਰੀ।
ਦਿਲ ਹਿੱਲ ਜਾਂਦਾ ਦਿਲਾਂ ਵਾਲਿਆਂ ਦਾ
ਜਦੋਂ ਯਾਦ ਆਵੇ ਯਾਦਗਾਰ ਤੇਰੀ।
ਦੁਨੀਆਂ ਵਿੱਚ ਜੁਝਾਰ ਸਿੰਘ ਨਾਮ ਰੌਸ਼ਨ
ਰੂਹ ਸਚਖੰਡ ਵਿੱਚ ਸਰਦਾਰ ਤੇਰੀ।
ਬੇਦਿਲ ਬਣ ਕੇ ਦੇਖਿਆ ਨਜ਼ਰ ਆਈ
ਤੀਕ ਬੀਰ ਅਭਿਮੰਨੂ ਜਹੀ ਕਾਰ ਤੇਰੀ।

ਸ਼੍ਰੋਮਣੀ ਢਾਡੀ ਗਿਆਨੀ ਸੋਹਣ ਸਿੰਘ ਜੀ 'ਸੀਤਲ' ਇਸ ਵਾਕਿਆਤ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ:-

'ਚੌਦਾਂ ਪੰਦਰਾਂ ਸਾਲਾਂ ਦਾ ਲਾਡਲਾ ਅੱਖਾਂ ਦੇ ਸਾਹਮਣੇ ਟੋਟੇ-ਟੋਟੇ ਹੋ ਕੇ ਮੈਦਾਨ ਵਿੱਚ ਡਿਗ ਪਿਆ। ਦੁਸ਼ਮਣ ਨੇ ਉਸਦੇ ਕੋਮਲ ਸਰੀਰ ਦੇ ਟੁਕੜੇ-ਟੁਕੜੇ ਕਰਕੇ ਇਧਰ ਉਧਰ ਖਿਲਾਰ ਦਿੱਤੇ। ਅਜੇ ਵੀ ਉਨ੍ਹਾਂ ਦੇ ਦਿਲ ਦਾ ਪੂਰਾ ਸਾੜ ਨਾ ਨਿਕਲਿਆ। ਕਈ ਵੱਡੇ ਬਹਾਦਰ ਇਸਲਾਮ ਦੀ ਸੇਵਾ ਵਿੱਚ ਹਿੱਸਾ ਲੈਣ ਵਾਸਤੇ ਸਾਹਿਬਜ਼ਾਦੇ ਦੇ ਸਰੀਰ ਦੇ ਪਏ ਟੁਕੜਿਆਂ ਵਿੱਚ ਬਰਛੇ ਮਾਰ ਕੇ 'ਯਾ ਅਲੀ' ਦੇ ਨਾਅਰੇ ਲਗਾ ਰਹੇ ਸਨ। ਹਜ਼ੂਰ ਇਹ ਸਭ ਕੁਝ ਦੇਖਦੇ ਹੋਏ ਮੂੰਹੋਂ ਕਹਿ ਰਹੇ ਸਨ:-

'ਤੇਰਾ ਕੀਆ ਮੀਠਾ ਲਾਗੈ॥
ਹਰਿ ਨਾਮ ਪਦਾਰਥੁ ਨਾਨਕ ਮਾਗੈ॥'

ਫਿਰ ਦੋਵੇਂ ਹੱਥ ਫੈਲਾ ਕੇ ਵਾਹਿਗੁਰੂ ਦੇ ਦਰਬਾਰ ਵਿੱਚ ਗੁਰਦੇਵ ਅਰਦਾਸ ਕਰਨ ਲੱਗੇ।

ਹੱਸ ਸ਼ਹੀਦੀ ਪਾ ਗਿਆ ਜਦ ਲਾਲ ਛੁਟੇਰਾ।
ਅੱਖਾਂ ਸਾਹਵੇਂ ਹੋ ਗਿਆ ਉਹ ਬੇਰਾ ਬੇਰਾ।
ਉਂਗਲ ਲਾ ਕੇ ਲੈ ਗਿਆ ਉਹਨੂੰ ਵੀਰ ਵਡੇਰਾ।
ਜੋੜੀ ਜੋੜੀ ਹੋ ਗਿਆ ਪਰਵਾਰ ਬਥੇਰਾ।
ਹੱਥ ਬੰਨ੍ਹ ਬੋਲੇ ਸਤਿਗੁਰੂ ਵਾਹ! ਭਾਣਾ ਤੇਰਾ।
'ਤੇਰਾ ਤੁਝ ਕਉ ਸਉਪਤੇ ਕਿਆ ਲਾਗੇ ਮੇਰਾ।'
'ਹੁਕਮ ਰਜਾਈ ਚਲਣਾ' ਜੋ ਕਰੇ ਚੰਗੇਰਾ।
ਪੰਥ ਵੱਸੇ, ਮੈਂ ਉੱਜੜਾਂ, ਸੀ ਚਾਉ ਘਨੇਰਾ।
ਹੋਵਾਂ ਤੈਥੋਂ ਸੁਰਖਰੂ ਪ੍ਰਾਣ ਪਾਲ ਉਚੇਰਾ।
ਵਾਹੁ ਵਾਹੁ ਗੋਬਿੰਦ ਸਿੰਘ! ਧੰਨ ਤੇਰਾ ਜੇਰਾ।'

ਵਕਤ ਸ਼ਾਮ ਦਾ ਹੋ ਚੁੱਕਾ ਸੀ। ਜੰਗ ਬੰਦ ਹੋ ਗਿਆ। ਪ੍ਰਿ: ਸਤਿਬੀਰ ਸਿੰਘ ਲਿਖਦੇ ਹਨ:-

" ਸੋਦਰ ਦੀ ਚੌਂਕੀ ਉਪਰੰਤ ਗੁਰੂ ਜੀ ਨੇ ਚਾਰ ਤੀਰ ਮੁਗਲ ਫ਼ੌਜਾਂ ਦੇ ਜਰਨੈਲਾਂ ਨੂੰ ਮਾਰੇ ਤੇ ਹਰ ਇੱਕ ਨਾਲ ਇੱਕ-ਇੱਕ ਚਿੱਠੀ ਵੀ ਭੇਜੀ। ਇੱਕ ਤੀਰ ਖੁਆਜਾ ਮਰਦੂਦ ਨੂੰ ਮਾਰਿਆ ਜੋ ਉਸ ਦੀ ਪੇਰੀ ਵਿੱਚ ਲੱਗਾ। ਉਸ ਨੂੰ ਲਿਖਿਆ 'ਕਸਮ ਉਠਾ ਕੇ ਫਿਰ ਜਾਣਾ, ਦੀਨ ਦੁਨੀ ਤੋਂ ਜਾਣਾ ਹੈ, ਅੱਜ ਤੂੰ ਦੋਵੇਂ ਹੀ ਗਵਾ ਲਏ ਹਨ।' ਦੂਜਾ ਤੀਰ ਵਜੀਦ ਖਾਨ ਦੇ ਘੋੜੇ ਨੂੰ ਮਾਰਿਆ ਅਤੇ ਚਿੱਠੀ ਵਿੱਚ ਲਿਖਿਆ, 'ਕਸਮ ਖਾ ਕੇ ਜੋ ਬੇਈਮਾਨ ਹੁੰਦਾ ਹੈ ਉਹ ਦੋਜ਼ਕ ਦੀ ਅੱਗ ਵਿੱਚ ਸੜਦਾ ਹੈ ਤੇ ਜੋ ਯਕੀਨ ਰੱਖਦਾ ਹੈ, ਉਹ ਉੱਚਾ ਹੁੰਦਾ ਹੈ।' ਤੀਜਾ ਲਾਹੌਰ ਦੇ ਸੂਬੇ ਜ਼ਬਰਦਸਤ ਖਾਨ ਦੀ ਪੱਗ ਦਾ ਨਿਸ਼ਾਨਾ ਰੱਖ ਮਾਰਿਆ ਅਤੇ ਚਿੱਠੀ ਵਿੱਚ ਲਿਖਿਆ: 'ਕੁਰਾਨ ਦੀ ਕਸਮ ਨੂੰ ਤੋੜਨ ਵਾਲਾ ਦੋਜ਼ਖ਼ ਵਿੱਚ ਹੀ ਪਵੇਗਾ। ਉਹ ਸਮਾਂ ਆ ਰਿਹਾ ਹੈ ਜਦ ਸਾਰੇ

Sri Satguru Jagjit Singh Ji Elibrary NamdhariElibrary@gmail.com

ਸੂਬੇ ਵਿੱਚ ਸਿੰਘ ਹਲਚਲ ਮਚਾਉਣਗੇ। ਚੌਥਾ ਤੀਰ ਅਜਮੇਰ ਚੰਦ ਦੀ ਲੱਤ ਵਿੱਚ ਵੱਜਾ। ਉਸਨੂੰ ਲਿਖਿਆ: 'ਤੈਨੂੰ ਆਰਾਮ ਕਦੇ ਨਹੀਂ ਮਿਲੇਗਾ ਪਰ ਸਾਡਾ ਰਾਖਾ ਅਕਾਲ ਪੁਰਖ ਹੈ।'

ਉਪ੍ਰੋਕਤ ਘਟਨਾ ਇਹ ਦੱਸਣ ਲਈ ਕਾਫ਼ੀ ਹੈ ਕਿ ਗੁਰੂ ਜੀ ਕਿੰਨੇ ਮਹਾਂਬਲੀ ਸੂਰਮੇ ਸਨ ਅਤੇ ਉਨ੍ਹਾਂ ਦਾ ਵਿਸ਼ਵਾਸ਼ ਕਿੰਨਾ ਅਡੋਲ ਸੀ, ਜਿਸ ਸਦਕਾ ਉਹ ਇਸ ਹਾਲ ਵਿੱਚ ਵੀ ਚੜ੍ਹਦੀ ਕਲਾ ਵਿੱਚ ਸਨ। ਇਹ ਮਹਾਨ ਦੁਨੀਆਂ ਦੇ ਇਤਿਹਾਸ ਵਿੱਚ ਪੰਜ ਕਾਰਣਾਂ ਕਰਕੇ ਲਾਸਾਨੀ ਹੈ-

1 ਇੱਕ ਪਾਸੇ ਕਰੀਬ 40 ਸਿੰਘ ਅਤੇ ਦੂਜੇ ਪਾਸੇ ਬੇ-ਅੰਤ ਸ਼ਾਹੀ ਫੌਜ਼ਾਂ।

2 ਜੰਗ ਦੀ ਘੱਟ ਗਿਣਤੀ ਧਿਰ ਵੱਲੋਂ ਆਤਮ-ਸਮਰਪਣ ਨਾ ਕਰਨਾ।

3 ਮੁੱਖ ਨਾਇਕ ਵੱਲੋਂ ਆਪਣੀਆਂ ਅੱਖਾਂ ਸਾਹਵੇਂ ਪੁੱਤਰਾਂ ਨੂੰ ਸ਼ਹੀਦ ਹੁੰਦੇ ਵੇਖਣਾ।

4 ਹਮਲਾਵਰ ਧਿਰ ਦਾ ਮਿਥਿਆ ਨਿਸ਼ਾਨਾ ਸੰਪੂਰਨ ਨਾ ਹੋਣਾ ਅਤੇ ਖਾਲੀ ਹੱਥ ਵਾਪਸ ਮੁੜਣਾ ਪੈਣਾ।

5 ਮੁੱਖ ਨਾਇਕ ਅਤੇ ਉਸ ਦੇ ਸੂਰਮਿਆਂ ਦਾ ਵਿਸ਼ਵਾਸ ਅਟੱਲ ਰਹਿਣਾ।

ਘਮਸਾਨ ਦੀ ਇਸ ਲੜਾਈ ਵਿੱਚ ਕਰੀਬ ਚਾਲੀ ਸਿੰਘਾਂ ਦੇ ਜੂਝਣ ਬਾਰੇ ਗੁਰੂ ਜੀ ਆਪਣੀ ਲਿਖਤ ਵਿਚੋਂ ਪਤਾ ਲਗਦਾ ਹੈ। ਇਹ ਗਿਣਤੀ ਥੋੜ੍ਹੀ ਬਹੁਤ ਘੱਟ ਵੱਧ ਵੀ ਹੋ ਸਕਦੀ ਹੈ। ਕੇਸਰ ਸਿੰਘ ਛਿਬੱਰ ਨੇ ਚੁਰੰਜਾ ਦੀ ਗਿਣਤੀ ਲਿਖੀ ਹੈ। ਪਰ ਜਿਆਦਾਤਰ ਇਤਿਹਾਸਕਾਰ 40 ਦੀ ਗਿਣਤੀ ਨਾਲ ਸਹਿਮਤ ਹਨ। ਕਈਆਂ ਦਾ ਇਹ ਵੀ ਮੱਤ ਹੈ ਕਿ ਚਮਕੌਰ ਵਿੱਚ ਸ਼ਹੀਦ ਹੋਣ ਵਾਲੇ 40 ਸਿੰਘ ਹੀ ਚਾਲੀ ਮੁਕਤੇ ਹਨ। ਵੱਖ-ਵੱਖ ਲਿਖਾਰੀਆਂ ਨੇ ਇਨ੍ਹਾਂ ਦੇ ਨਾਮ ਵੀ ਵੱਖ-ਵੱਖ ਲਿਖੇ ਹਨ। ਪਰ ਪ੍ਰੋ: ਪਿਆਰਾ ਸਿੰਘ ਪਦਮ ਹੋਰਾਂ ਦੀ ਸੂਚੀ, ਜੋ ਉਨ੍ਹਾਂ ਨੇ ਭੱਟ ਵਹੀਆਂ ਦੇ ਆਧਾਰ ਤੇ ਬਣਾਈ ਹੈ, ਨੂੰ ਜਿਆਦਾ ਪ੍ਰਮਾਣਿਕ ਮੰਨਿਆ ਜਾਂਦਾ ਹੈ। ਉਨ੍ਹਾਂ ਦੇ ਅਨੁਸਾਰ ਹੇਠ ਲਿਖੇ ਸਿੰਘ ਇਥੇ ਸ਼ਹੀਦ ਹੋਏ:-

1. ਸਾਹਿਬਜ਼ਾਦਾ ਅਜੀਤ ਸਿੰਘ ਜੀ
2. ਸਾਹਿਬਜ਼ਾਦਾ ਜੁਝਾਰ ਸਿੰਘ ਜੀ
3. ਪਿਆਰੇ ਮੁਹਕਮ ਸਿੰਘ ਜੀ
4. ਪਿਆਰੇ ਸਾਹਿਬ ਸਿੰਘ ਜੀ
5. ਪਿਆਰੇ ਹਿੰਮਤ ਸਿੰਘ ਜੀ
6. ਮੁਕਤੇ ਫਤਹਿ ਸਿੰਘ ਜੀ, ਖੁਰਦਪੁਰ ਮਾਂਗਟ
7. ਮੁਕਤੇ ਈਸ਼ਰ ਸਿੰਘ ਜੀ ਡੱਲਵਾਂ
8. ਮੁਕਤੇ ਦੇਵਾ ਸਿੰਘ ਜੀ ਬੁਘਿਆਣਾ
9. ਮੁਕਤੇ ਟਹਿਲ ਸਿੰਘ ਜੀ ਡੱਲਵਾਂ
10. ਭਾਈ ਦਾਨ ਸਿੰਘ ਜੀ ਭਰਾਤਾ ਸ਼ਹੀਦ ਭਾਈ ਮਨੀ ਸਿੰਘ ਜੀ
11. ਭਾਈ ਕ੍ਰਿਪਾ ਸਿੰਘ ਜੀ ਮਟਨ ਨਿਵਾਸੀ ਦੱਤ ਬ੍ਰਾਹਮਣ
12. ਭਾਈ ਸਨਮੁਖ ਸਿੰਘ ਜੀ ਛੋਟੇ ਭਰਾ ਭਾਈ ਕ੍ਰਿਪਾ ਸਿੰਘ ਜੀ
13. ਭਾਈ ਨਾਨੂ ਸਿੰਘ ਜੀ ਦਿਲਵਾਲੀ
14. ਭਾਈ ਆਲਮ ਸਿੰਘ ਜੀ ਨੱਚਣਾ ਸਿਆਲਕੋਟ
15. ਭਾਈ ਬੀਰ ਸਿੰਘ ਜੀ ਭਰਾਤਾ ਭਾਈ ਆਲਮ ਸਿੰਘ ਜੀ
16. ਭਾਈ ਅਮੋਲਕ ਸਿੰਘ ਜੀ ਪੁੱਤਰ ਭਾਈ ਆਲਮ ਸਿੰਘ ਜੀ
17. ਭਾਈ ਮੋਹਰ ਸਿੰਘ ਜੀ ਪੁੱਤਰ ਭਾਈ ਆਲਮ ਸਿੰਘ ਜੀ
18. ਭਾਈ ਮੁਕੰਦ ਸਿੰਘ ਜੀ ਪੁੱਤਰ ਸ਼ਹੀਦ ਭਾਈ ਮਤੀ ਦਾਸ ਜੀ
19. ਭਾਈ ਅਨਕ ਸਿੰਘ ਪੁੱਤਰ ਸ਼ਹੀਦ ਭਾਈ ਮਨੀ ਸਿੰਘ ਜੀ
20. ਭਾਈ ਅਜਬ ਸਿੰਘ ਜੀ ਪੁੱਤਰ ਸ਼ਹੀਦ ਭਾਈ ਮਨੀ ਸਿੰਘ ਜੀ
21. ਭਾਈ ਅਜਾਇਬ ਸਿੰਘ ਜੀ ਪੁੱਤਰ ਸ਼ਹੀਦ ਭਾਈ ਮਨੀ ਸਿੰਘ ਜੀ
22. ਭਾਈ ਚੰਦਨ ਸਿੰਘ ਜੀ ਕਵੀ
23. ਭਾਈ ਧੰਨਾ ਸਿੰਘ ਜੀ ਕਵੀ
24. ਭਾਈ ਹਰਦਾਸ ਸਿੰਘ ਜੀ ਲਿਖਾਰੀ
25. ਭਾਈ ਕੀਰਤ ਸਿੰਘ ਜੀ ਵਿਦਵਾਨ ਲਿਖਾਰੀ
26. ਭਾਈ ਮਦਨ ਸਿੰਘ ਜੀ ਰਵਿਦਾਸੀਆ
27. ਭਾਈ ਕਾਠਾ ਸਿੰਘ ਜੀ ਰੰਘਰੇਟਾ
28. ਭਾਈ ਜਵੰਦ ਸਿੰਘ ਜੀ ਪੋਤਰਾ ਮੱਖਣ ਸ਼ਾਹ ਲੁਬਾਣਾ
29. ਭਾਈ ਸੰਤ ਸਿੰਘ ਜੀ ਅਰੋੜਾ (ਪੱਟੀ)
30. ਭਾਈ ਸੰਤ ਸਿੰਘ ਜੀ ਬੰਗੇਸ਼ਰੀ ਚਚੇਰਾ ਭਾਈ ਸ਼ਹੀਦ ਭਾਈ ਮਨੀ ਸਿੰਘ ਜੀ
31. ਭਾਈ ਸੰਗਤ ਸਿੰਘ ਰਵਿਦਾਸੀਆ ਕਪੂਰਥਲਾ
32. ਭਾਈ ਨਾਹਰ ਸਿੰਘ ਜੀ
33. ਭਾਈ ਸ਼ੇਰ ਸਿੰਘ ਜੀ
34. ਭਾਈ ਬਖਸ਼ਿਸ਼ ਸਿੰਘ ਜੀ
35. ਭਾਈ ਗੁਰ ਬਖਸ਼ੀਸ਼ ਸਿੰਘ ਜੀ ਕਲਾਲ
36. ਭਾਈ ਤੁਲਾ ਸਿੰਘ ਥਨੇਸਰ
37. ਭਾਈ ਮਾਹਲਾ ਸਿੰਘ ਥਨੇਸਰ
38. ਭਾਈ ਧਿਆਨ ਸਿੰਘ ਮਾਜਰੀ

ਕੁਝ ਅਨੁਮਾਨੇ ਹੋਏ ਨਾਮ ਹਨ

1. ਭਾਈ ਚੰਦ ਸਿੰਘ ਜੀ
2. ਭਾਈ ਸ਼ਾਮ ਸਿੰਘ ਜੀ
3. ਭਾਈ ਲਾਲ ਸਿੰਘ ਜੀ
4. ਭਾਈ ਸੁਖਾ ਸਿੰਘ ਜੀ

ਸੰਪ: 94632-46448

Sri Satguru Jagjit Singh Ji Elibrary NamdhariElibrary@gmail.com

ਯਾਦ ਕਰੀਏ ਉਸ ਫ਼ਕੀਰ ਨੂੰ

– ਸਵਰਾਜਬੀਰ

ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਕਾਇਮ ਹੋਏ ਪੰਜਾਬੀ ਰਾਜ ਦੀ ਉਮਰ ਜ਼ਿਆਦਾ ਲੰਮੀ ਨਹੀਂ ਸੀ। ਉਹ ਰਾਜ ਰਣਜੀਤ ਸਿੰਘ ਦੀ ਮੌਤ ਦੇ ਇਕ ਦਹਾਕੇ ਦੇ ਅੰਦਰ ਅੰਦਰ ਭਰਾ ਮਾਰੂ ਜੰਗ ਅਤੇ ਵਜ਼ੀਰਾਂ ਅਤੇ ਅਹਿਲਕਾਰਾਂ ਦੀ ਗੱਦਾਰੀ ਕਾਰਨ ਖ਼ਤਮ ਹੋ ਗਿਆ। ਦੂਸਰੀਆਂ ਸਿੱਖ ਰਿਆਸਤਾਂ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਕਾਲ ਵਿਚ ਹੀ ਬਿਨਾਂ ਯੁੱਧ ਕੀਤਿਆਂ ਅੰਗਰੇਜ਼ਾਂ ਦੀ ਸ਼ਰਨ ਵਿਚ ਜਾ ਚੁੱਕੀਆਂ ਸਨ। ਜਲਦੀ ਹੀ ਲੋਕਾਂ ਵਿਚ ਬਾਗੀ ਸੁਰ ਪਨਪਣ ਲੱਗੇ ਅਤੇ 1857 ਵਿਚ ਸਾਰੇ ਦੇਸ਼ ਵਿਚ ਵੱਖ ਵੱਖ ਰਾਜਾਂ ਤੇ ਰਜਵਾੜਿਆਂ ਨੇ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਜਫ਼ਰ ਨੂੰ ਆਪਣਾ ਆਗੂ ਮੰਨ ਕੇ ਅੰਗਰੇਜ਼ਾਂ ਵਿਰੁੱਧ ਵਿਦਰੋਹ ਕੀਤਾ। ਇਸ ਵਿਦਰੋਹ ਵਿਚ ਵੱਡੇ ਪੱਧਰ 'ਤੇ ਆਮ ਲੋਕ ਸ਼ਾਮਿਲ ਹੋਏ। ਅੰਗਰੇਜ਼ਾਂ ਨੇ ਇਸ ਨੂੰ ਸਿਪਾਹੀਆਂ ਦੀ ਬਗ਼ਾਵਤ (Sepoy Mutiny) ਕਹਿ ਕੇ ਛੁਟਿਆਉਣ ਦਾ ਯਤਨ ਕੀਤਾ। ਇਸ ਵਿਦਰੋਹ ਨੂੰ ਗ਼ਦਰ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਪੰਜਾਬ ਵਿਚ ਸਭ ਤੋਂ ਵੱਡੀ ਬਗਾਵਤੀ ਸੁਰ ਨਾਮਧਾਰੀ ਲਹਿਰ ਦੇ ਰੂਪ ਵਿਚ ਉੱਭਰੀ ਜਿਸ ਵਿਚ ਅੰਗਰੇਜ਼ਾਂ ਨਾਲ ਨਾ ਮਿਲਵਰਤਣ ਦਾ ਝੰਡਾ ਬੁਲੰਦ ਕੀਤਾ ਗਿਆ। ਮਲੇਰਕੋਟਲਾ ਵਾਲੀ ਘਟਨਾ ਤੋਂ ਬਾਅਦ ਅੰਗਰੇਜ਼ਾਂ ਨੇ ਨਾਮਧਾਰੀਆਂ 'ਤੇ ਵੱਡੇ ਕਹਿਰ ਢਾਹੇ ਅਤੇ ਕੂਕਿਆਂ ਨੂੰ ਤੋਪਾਂ ਦੇ ਮੂੰਹ ਸਾਹਮਣੇ ਬੰਨ੍ਹ ਕੇ ਉਡਾਇਆ। 1907 ਵਿਚ 'ਪੱਗੜੀ ਸੰਭਾਲ ਜੱਟਾ' ਦੀ ਲਹਿਰ ਉੱਭਰੀ। ਪੰਜਾਬ ਵਿਚ ਆਜ਼ਾਦੀ ਦੀ ਸਭ ਤੋਂ ਵੱਡੀ ਲਹਿਰ ਗ਼ਦਰ ਪਾਰਟੀ ਦੇ ਰੂਪ ਵਿਚ ਉੱਭਰੀ ਜਿਸ ਦੇ ਪਹਿਲੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਸਨ। ਗ਼ਦਰ ਲਹਿਰ ਦਾ ਮੁੱਖ ਖਾਸਾ ਇਸ ਦਾ ਲੋਕਪੱਖੀ, ਇਨਕਲਾਬੀ, ਧਰਮ-ਨਿਰਪੱਖ ਤੇ ਸਾਮਰਾਜ ਵਿਰੋਧੀ ਕਿਰਦਾਰ ਸੀ। ਗ਼ਦਰ ਪਾਰਟੀ ਤੋਂ ਪਹਿਲਾਂ ਦੇਸ਼ ਵਿਚ ਛੋਟੇ ਛੋਟੇ ਇਨਕਲਾਬੀ ਟੋਲੇ/ਗਰੁੱਪ ਸਨ, ਜਿਹੜੇ ਅੰਗਰੇਜ਼ਾਂ ਨਾਲ ਸਿੱਧੀ ਟੱਕਰ ਲੈਣਾ ਚਾਹੁੰਦੇ ਸਨ ਪਰ ਐਨੀ ਵੱਡੀ ਪੱਧਰ 'ਤੇ ਹੋਂਦ ਵਿਚ ਆਉਣ ਵਾਲੀ ਪਹਿਲੀ ਪਾਰਟੀ ਗ਼ਦਰ ਪਾਰਟੀ ਹੀ ਸੀ।

ਬਾਬਾ ਸੋਹਣ ਸਿੰਘ ਭਕਨਾ ਦਾ ਜਨਮ 4 ਜਨਵਰੀ 1870 ਨੂੰ ਅੰਮ੍ਰਿਤਸਰ ਦੇ ਪਿੰਡ ਖੁਤਰਾ ਖੁਰਦ (ਨਾਨਕੇ ਘਰ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਕਰਮ ਸਿੰਘ ਅਤੇ ਮਾਤਾ ਦਾ ਨਾਂ ਰਾਮ ਕੌਰ ਸੀ। ਉਨ੍ਹਾਂ ਦੀ ਉਮਰ ਮਸਾਂ ਵਰ੍ਹੇ ਕੁ ਦੀ ਸੀ, ਜਦੋਂ ਉਨ੍ਹਾਂ ਦੇ ਪਿਤਾ ਦਾ ਦੇਹਾਂਤ ਹੋ ਗਿਆ। ਉਨ੍ਹਾਂ ਨੇ ਪਿੰਡ ਦੀ ਧਰਮਸ਼ਾਲਾ ਵਿਚੋਂ ਗੁਰਮੁਖੀ ਤੇ ਮਦਰੱਸੇ 'ਚੋਂ ਉਰਦੂ ਸਿੱਖੀ। ਜਵਾਨੀ ਵੇਲੇ ਉਨ੍ਹਾਂ ਤੋਂ ਨਾਮਧਾਰੀ ਬਾਬਾ ਕੇਸਰ ਦਾ ਵੱਡਾ ਪ੍ਰਭਾਵ ਪਿਆ। ਸੋਹਣ ਸਿੰਘ ਭਕਨਾ ਬਾਬਾ ਕੇਸਰ ਦੇ ਵਚਨਾਂ ਨੂੰ ਇਉਂ ਯਾਦ ਕਰਦੇ ਹਨ: "ਹੁਣ ਸੰਸਾਰ ਤੋਂ ਰਾਜਾ ਪਰਜਾ ਦੀ ਮਰਯਾਦਾ ਉੱਠ ਜਾਵੇਗੀ। ਸਾਰੇ ਮਨੁੱਖ ਆਜ਼ਾਦ ਤੇ ਬਰਾਬਰ ਹੋਣਗੇ। ਪਹਿਲਾਂ ਹਰ ਇਕ ਦੇਸ਼ ਵਿਚ ਵੱਖੋ ਵੱਖ ਸੁਤੰਤਰ ਰਾਜ (ਸਵਰਾਜ) ਕਾਇਮ ਹੋਵੇਗਾ ਫੇਰ ਸਾਰੀ ਦੁਨੀਆਂ ਦੀ ਇਕ ਕੌਂਦਰੀ ਪੰਚਾਇਤ ਬਣ ਜਾਵੇਗੀ ਤੇ ਸੰਸਾਰ ਭਰ ਦੇ ਲੋਕ ਇਕ ਦੂਜੇ ਨੂੰ ਭਾਈ ਭਰਾ ਸਮਝਣ ਲੱਗ ਪੈਣਗੇ। ਕੋਈ ਲੜਾਈ ਝਗੜਾ ਨਹੀਂ ਰਹੇਗਾ। ਹੁਣ ਬਹੁਤ ਛੇਤੀ ਪਰਲੋ (ਕਿਆਮਤ) ਆਉਣ ਵਾਲੀ ਹੈ। ਪਰ ਇਹ ਪਰਲੋ (ਇਨਕਲਾਬ) ਖਿਆਲਾਂ (ਸੁਭਾਵਾਂ) ਦੀ ਪਰਲੋ ਹੋਵੇਗੀ।" ਬਾਬਾ ਜੀ ਨੇ ਆਪਣੀ ਜੀਵਨੀ ਮੇਰੀ ਆਪ ਬੀਤੀਂ ਵਿਚ ਲਿਖਿਆ ਹੈ ਕਿ ਮਾਲੀ ਮੁਸ਼ਕਿਲਾਂ ਕਰਕੇ ਉਨ੍ਹਾਂ ਨੇ ਅਮਰੀਕਾ ਜਾਣ ਦਾ ਫ਼ੈਸਲਾ ਕੀਤਾ। ਉਸ ਵੇਲੇ ਅਮਰੀਕਾ ਤੇ ਕੈਨੇਡਾ ਵਿਚ ਪਰਵਾਸੀ ਨਾਲ ਵੱਡਾ ਵਿਤਕਰਾ ਕੀਤਾ ਜਾਂਦਾ ਸੀ। ਬ੍ਰਿਟਿਸ਼ ਕੋਲੰਬੀਆ ਵਿਚ 1907 ਵਿਚ ਏਸ਼ੀਅਨ ਲੋਕਾਂ ਖ਼ਿਲਾਫ਼ ਦੰਗੇ ਹੋਏ ਹਨ। ਬੈਲਿੰਗਮ ਤੋ ਵਾਸ਼ਿੰਗਟਨ ਦੇ ਜੰਗਲੀ ਲੱਕੜੀ ਕੱਟਣ ਵਾਲੇ ਕੈਂਪਾਂ ਵਿਚ ਜਿੱਥੇ ਪੰਜਾਬੀ ਵੱਡੀ ਗਿਣਤੀ ਵਿਚ ਸਨ, ਓਥੇ ਹਮਲੇ ਹੁੰਦੇ ਹਨ। ਆਰੇਗੋਨ ਤੇ ਕੈਲਾਫੋਰਨੀਆ ਵਿਚ ਨਸਲੀ ਜ਼ਹਿਰ ਫੈਲਿਆ ਹੈ। ਐਕਸਕਲੂਜ਼ਨ (ਬਾਹਰਲਿਆਂ ਨੂੰ ਬਾਹਰ ਕੱਢਣ ਦੀ ਮੂਵਮੈਂਟ ਚੱਲੀ। ਇਸ ਸਾਰੇ ਵਰਤਾਰੇ ਨੇ ਪੰਜਾਬੀ ਪਰਵਾਸੀਆਂ ਨੂੰ ਇਹ ਸੋਚਣ ਲਈ ਮਜ਼ਬੂਰ ਕੀਤਾ ਕਿ ਜੇ ਉਹ ਕਿਸੇ ਆਜ਼ਾਦ ਤੇ ਮਜ਼ਬੂਤ ਦੇਸ਼ ਦੇ ਰਹਿਣ ਵਾਲੇ ਹੁੰਦੇ ਤਾਂ ਉਨ੍ਹਾਂ ਨਾਲ ਏਦਾਂ ਦਾ ਵਰਤਾਅ ਨਹੀਂ ਸੀ ਹੋ ਸਕਦਾ। ਬਾਅਦ ਵਿਚ ਇਕ

Sri Satguru Jagjit Singh Ji Elibrary NamdhariElibrary@gmail.com

ग़दरी कवी ने इस अनुभव नूं इउं दरज कीता: "काला डरटी कहिण सानूं, गऐ हिंद दे उह अदबो शान किंथे"। 1914 जून विच विकटोरीआ (कैनेडा) विच रहिण वाले कवी ने लिखिआ: "इस सूबे दे गोरिआं अॅत चुॅकी, हिंदी तक के जीअड़ा साड़दे ने।"

पंजाबी किसान दा अमरीका ते कैनेडा विच जा के मज़दूर बणना बिलकुल वॅखरी तरां दा वरतारा सी। इह किरिआ उस वरतारे तों वॅखरी सी जिस तहित पंजाबी किसान ते दलित बसतीवादी फ़ौज दा सैनिक बणिआ। उस रूप विच उह सरकार दा सिपाही सी, अंगरेज़ हकूमत जलौंअ दी छोटी मोटी कणी उस नूं, ना सिरफ़ वरदी दे रूप विच मिली, सगों उस दी पहिचाण वी बणी। उह सिपाही, लांस नाइक, नाइक, हवालदार, जमांदार, रिसालदार आदि बण गिआ। अमरीका ते कैनेडा दे मज़दूर नूं बरतानवी सामराज दी इह 'मिहर हासिल नहीं सी। उसने रेल पटड़ीआं विछाईआं, आरा मिॅलां, खेतां ते कारखानिआं विच कंम कीता। इस अनुभव दी चिॅतरकारी इक ग़दरी कवी ने एदां कीती: "ग्रेप तोड़दिआं, सेलरी लाउंदिआं दे, सीड गॅडदिआं दे गोडे लाल हो गऐ। नाल फॅटिआं पाट गऐ हॅथ साडे, दिन कॅटणे बड़े मुहाल हो गऐ।"

इनां अनुभवां ने अमरीका ते कैनेडा विच रहि रहे पंजाबीआं विच नवीं राजसी चेतना पैदा कीती जिस सदका उनां ने कई जथेबंदीआं बणाईआं ते बाअद विच हिंदी ऐसोसीएशन दी बुनिआद रॅखी गई। इस दे प्रधान बाबा सोहण सिंघ भकना, जनरल सकॅतर लाला हरदिआल, मीत प्रधान भाई केसर सिंघ ठॅठगड़, खज़ानची पंडत कांशी राम, नाइब ख़ज़ानची हरनाम सिंघ टुंडीलाट, आरगेनाईज़र सकॅतर करीम बखश ते जुआइंट सकॅतर मुनशी राम सन। पारटी दे मुॅढले मते विच इह दॅसिआ गिआ: "इहदा मकसद हथिआरबंद इकनलाब राहीं ब्रिटिश गौरमिंट दी गुलामी तों हिंदोसतान नूं आज़ाद कराउणा अते आज़ादी ते बराबरी दीआं नीहां ते कौमी जमहूरीअत काइम करना होवेगा।" इक होर मते विच किहा गिआ, "पारटी विच मज़हबी बहिसमुबाहसे दा कोई दखल नहीं होवेगा। मज़हब दी हैसीअत निॅजी होवेगी।" इस तरां बाबा भकना उस सिआसी पारटी दे पहिले प्रधान सन जिस नूं बणाउण वाले कुलीन वरगां नाल सबंध रॅखण वाले पड़े लिखे इलीट नहीं सगों पंजाब दे किसान सन जिहड़े परदेसां विच जा के मज़दूर बणे। इस तरां इह पारटी हिंदोसतान दे मज़दूरां ते किसानां दी हथिआरबंद इनकलाब लई प्रतीबॅध पहिली पारटी सी। इस नूं बणाउण वाले लोक नसली वितकरे, सरमाएदारी शोशण, गुलामी अते बसतीवादी जुलम दे सताऐ होऐ लोक सन। 1857 दे ग़दर नूं याद करदिआं इस पारटी ने ग़दर नां दा अख़बार चलाइआ जो बाअद विच पारटी दा नां बण गिआ ते पारटी दे मैंबर ग़दरी कहि के बुलाऐ जाण लॅगे। 1914 विच इनां ग़दरीआं ने हिंदोसतान वॅल चाले पा दिॅते अते वॅख वॅख फ़ौजी रसालिआं दी मदद नाल बगावत कराउण दी कोशिश कीती जिहड़ी सफ़ल ना हो सकी। सैंकड़े ग़दरी गिरफ़तार कर लऐ गऐ अते करतार सिंघ सराभा, विशनूं गणेश पिंगले, जगत सिंघ समेत सॅत ग़दरीआं नूं फांसी होई। 17 होर ग़दरी जिनां विच बाबा सोहण सिंघ भकना वी शामिल सन, नूं फांसी दी सज़ा होई जो बदल के काले पाणी दी उमर कैद विच बदल दिॅती गई। भाई जवाला सिंघ, भाई विसाखा सिंघ ते 24 होर ग़दरीआं नूं उमर कैद ते जाइदाद ज़बती दीआं सज़ावां होईआं। होर ग़दरीआं नूं वी वॅख-वॅख वरिआं लई कैद दी सज़ा दिॅती गई। बाबा सोहण सिंघ भकना ने 1915 तों 1921 अंडेमान कालेपाणी विच अते 1921 तों 1930 तक भारत दीआं वॅख वॅख जेलां विच कैद कॅटी। उह सरहिंद किसान सभा दे प्रधान बणे अते किसान मोरचिआं विच वी कैद कॅटी। देश आज़ाद होण तों बाअद उनां नूं 1948 विच फिर कैद कर लिआ गिआ अते योल कैंप (कांगड़े दे नज़दीक) विच रॅखिआ गिआ। उह कमिउनिसट पारटी विच शामिल हो गऐ अते सारी उमर लोकां दे हॅकां लई लड़दे रहे।

बाबा जी ने आपणे जीवन दी कहाणी 'जीवन संगराम, "मेरी राम कहाणी अते मेरी आप बीती

Sri Satguru Jagjit Singh Ji Elibrary NamdhariElibrary@gmail.com

ਵਿਚ ਦਰਜ ਕੀਤੀ ਹੈ। ਇਨ੍ਹਾਂ ਆਤਮ ਕਥਾਵਾਂ ਨੂੰ ਪੜ੍ਹ ਕੇ ਬਾਬਾ ਜੀ ਦੀ ਨਿਰਮਾਣਤਾ ਤੇ ਮਹਾਨਤਾ ਦਾ ਪਤਾ ਲੱਗਦਾ ਹੈ। ਇਨ੍ਹਾਂ ਆਤਮ ਕਥਾਵਾਂ ਵਿਚ ਉਨ੍ਹਾਂ ਨੇ ਆਪਣੇ ਜਵਾਨੀ ਵੇਲੇ ਦੀਆਂ ਭੁੱਲਾਂ-ਚੁੱਕਾਂ ਬਾਰੇ ਤਾਂ ਖੁੱਲ੍ਹ ਕੇ ਲਿਖਿਆ ਹੈ, ਪਰ ਆਪਣੀ ਕੁਰਬਾਨੀ ਅਤੇ ਝੱਲੀਆਂ ਦੁਸ਼ਵਾਰੀਆਂ ਬਾਰੇ ਕੋਈ ਜ਼ਿਕਰ ਨਹੀਂ ਕੀਤਾ। 25 ਸਾਲਾਂ ਦੀ ਜੇਲ੍ਹ ਯਾਤਰਾ ਵਿਚ ਉਨ੍ਹਾਂ ਨੇ 3 ਵਾਰ ਭੁੱਖ ਹੜਤਾਲ ਕੀਤੀ। ਅੰਡੇਮਾਨ ਵਿਚ ਅਸਹਿ ਕਸ਼ਟ ਝੱਲੇ ਅਤੇ 2 ਵਾਰ ਭੁੱਖ ਹੜਤਾਲ ਕੀਤੀ। ਯਰਵਦਾ ਜੇਲ੍ਹ ਵਿਚ ਦਸਤਾਰਾਂ ਤੇ ਕਛਹਿਰਿਆਂ ਲਈ, ਲਾਹੌਰ ਜੇਲ੍ਹ ਵਿਚ ਦਲਿਤਾਂ ਦੀ ਬਰਾਬਰੀ ਲਈ ਅਤੇ ਭਗਤ ਸਿੰਘ ਦੀ ਹਮਾਇਤ ਵਿਚ ਭੁੱਖ ਹੜਤਾਲ ਕੀਤੀ। ਯੋਲ ਕੈਂਪ ਵਿਚ ਕੀਤੀ 9ਵੀਂ ਭੁੱਖ ਹੜਤਾਲ ਨੇ ਉਨ੍ਹਾਂ ਦਾ ਸਰੀਰ ਕੁੱਬਾ ਕਰ ਦਿੱਤਾ। 1931 ਵਿਚ ਉਨ੍ਹਾਂ ਨੇ ਕਰਾਚੀ ਵਿਚ ਹੋਈ ਆਲ ਇੰਡੀਆ ਵਰਕਰ ਐਂਡ ਪੀਜੈਂਟਸ ਤੋਂ ਤੀਸਰੀ ਕਾਨਫਰੰਸ ਦੀ ਪ੍ਰਧਾਨਗੀ ਕੀਤੀ। 1939 ਵਿਚ ਉਹ ਕੁਲ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਦੀ ਹੈਸੀਅਤ ਵਿਚ ਗਯਾ, ਬਿਹਾਰ ਵਿਚ ਗ੍ਰਿਫ਼ਤਾਰ ਹੋਏ ਤੇ ਉਨ੍ਹਾਂ ਨੂੰ ਦਿਓਲੀ ਕੈਂਪ ਵਿਚ ਨਜ਼ਰਬੰਦ ਕੀਤਾ ਗਿਆ। ਇਕ ਅਪਰੈਲ 1943 ਨੂੰ ਰਿਹਾਅ ਹੋ ਕੇ ਉਹ ਆਪਣੇ ਪਿੰਡ ਭਕਨੇ ਕੁਲ ਹਿੰਦ ਕਾਨਫਰੰਸ ਦੇ ਇਜਲਾਸ ਦੀ ਪ੍ਰਧਾਨਗੀ ਕਰਨ ਪਹੁੰਚੇ। ਆਪਣੀਆਂ ਆਤਮ ਜੀਵਨੀਆਂ ਵਿਚ ਬਾਬਾ ਜੀ ਇਨ੍ਹਾਂ ਘਟਨਾਵਾਂ ਦਾ ਜ਼ਿਕਰ ਇਉਂ ਕਰਦੇ ਹਨ ਜਿਵੇਂ ਸਭ ਕੁਝ ਬੜੇ ਸਹਿਜ ਸੁਭਾਅ ਨਾਲ ਹੋ ਰਿਹਾ ਹੋਵੇ। ਉਹ ਦੂਸਰੇ ਗ਼ਦਰੀ ਭਾਈਆਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਬਹੁਤ ਸ਼ਰਧਾ ਨਾਲ ਕਰਦੇ ਹਨ। ਉਦਾਹਰਣ ਦੇ ਤੌਰ 'ਤੇ ਬਾਬਾ ਜਵਾਲਾ ਸਿੰਘ ਬਾਰੇ ਲਿਖਦੇ ਹਨ: "ਭਾਈ ਜਵਾਲਾ ਸਿੰਘ ਜੀ ਦੀ ਇਹ ਉੱਚੀ ਕੌਮੀ ਸੇਵਾ ਅੱਜ ਤਕ ਕਿਸੇ ਰਾਜੇ ਮਹਾਰਾਜੇ ਤੇ ਸੇਠ ਸ਼ਾਹੂਕਾਰ ਨੂੰ ਵੀ ਨਸੀਬ ਨਹੀਂ ਹੋਈ। ਇਸੇ ਤਰ੍ਹਾਂ ਕਰਤਾਰ ਸਿੰਘ ਸਰਾਭਾ, ਕੇਸਰ ਸਿੰਘ, ਲਾਲਾ ਹਰਦਿਆਲ, ਭਾਈ ਬੰਤਾ ਸਿੰਘ ਅਤੇ ਹੋਰਨਾਂ ਗ਼ਦਰੀ ਆਗੂਆਂ ਦੀ ਦੇਣ ਦਾ ਜ਼ਿਕਰ ਕਰਦੇ ਤੁਰੇ ਜਾਂਦੇ ਹਨ। ਇਨ੍ਹਾਂ ਆਤਮ ਜੀਵਨੀਆਂ ਵਿਚੋਂ ਲੋਕਾਂ ਲਈ ਸਭ ਕੁਝ ਕੁਰਬਾਨ ਕਰ ਦੇਣ ਵਾਲੀ ਤਿਆਗੀ ਆਤਮਾ ਦੇ ਦੀਦਾਰ ਹੁੰਦੇ ਹਨ। ਕੇਸਰ ਸਿੰਘ ਕੇਸਰ ਨੇ ਬਾਬਾ ਜੀ ਅਤੇ ਹੋਰਨਾਂ ਗ਼ਦਰੀਆਂ ਨੂੰ ਦਾਰਸ਼ਨਿਕ ਸੋਚ, ਦੀਦਾ ਦਲੇਰੀ, ਪਰ ਸੁਆਰਥ, ਭਾਈਚਾਰਕ ਸਾਂਝ, ਤਿਆਗ, ਸੱਚੇ-ਸੁੱਚੇ ਚਰਿੱਤਰ ਤੇ ਕੁਰਬਾਨੀ ਦੇ ਪੁਤਲੇ ਕਿਹਾ ਹੈ।

ਹਰੀਸ਼ ਪੁਰੀ ਨੇ ਲਿਖਿਆ ਹੈ: "ਗ਼ਦਰ ਲਹਿਰ ਵਿਚ ਉਨ੍ਹਾਂ ਨਾਲ ਮੁੱਢ ਤੋਂ ਨਾਲ ਰਹੇ ਪ੍ਰਿਥਵੀ ਸਿੰਘ ਆਜ਼ਾਦ ਨੇ ਮੇਰੇ ਕੋਲ ਦਰਜ ਕਰਵਾਏ ਇੰਟਰਵਿਊ ਵਿਚ ਬਾਬਾ ਜੀ ਬਾਰੇ ਤੇ ਭਾਈ ਵਸਾਖਾ ਸਿੰਘ, ਭਾਈ ਜਵਾਲਾ ਸਿੰਘ ਤੇ ਭਾਈ ਸੰਤੋਖ ਸਿੰਘ ਹੁਰਾਂ ਦੀ ਗੱਲ ਕਰਦਿਆਂ ਸਿਰ ਨਿਵਾ ਕੇ ਹੌਲੀ ਜਿਹੀ ਆਖਿਆ ਸੀ: 'ਉਹ ਤਪੀਸ਼ਰ ਸਨ। ਇਨਸਾਨੀਅਤ ਦੇ ਲੇਖੇ ਲੱਗੀਆਂ ਨੇਕ ਰੂਹਾਂ।' ਸੋਹਨ ਸਿੰਘ ਭਕਨਾ ਅਤੇ ਹੋਰ ਗ਼ਦਰੀ ਸੱਚਮੁੱਚ ਤਪੀਸ਼ਰ ਸਨ, ਫ਼ਕੀਰ ਆਦਮੀ। ਭਾਈ ਨਿਧਾਨ ਸਿੰਘ ਨੇ ਆਪਣੀ ਕਵਿਤਾ ਵਿਚ ਉਨ੍ਹਾਂ ਨੂੰ ਜ਼ਿੰਦਾ ਸ਼ਹੀਦ ਕਹਿੰਦਿਆਂ ਬਿਲਕੁਲ ਠੀਕ ਕਿਹਾ ਸੀ, "ਵੈਰੀ ਕੰਬਦੇ ਗ਼ਦਰ ਦਾ ਨਾਮ ਸੁਣ ਕੇ, ਸੇਵਾ ਤੁਧ ਦੀ ਬੇਨਜ਼ੀਰ। ਬਾਬਾ ਵਧਣ ਹੌਸਲੇ ਦੇਖ ਕੇ ਗ਼ਦਰੀਆਂ ਦੇ ਪ੍ਰੇਮ ਏਕਤਾ ਦੀ ਤਸਵੀਰ। ਬਾਬਾ ਆਓ, ਆਓ, ਗ਼ਰੀਬਾਂ ਦੇ ਬਾਦਸ਼ਾਹ ਜੀ, ਕਰੀਏ ਬਿਸਤਰਾ ਗੋਲ ਬਰਤਾਨੀਆਂ ਦਾ। ਪਹਿਲਾਂ ਵਾਂਗ ਮਨਸੂਰ ਕੁਰਬਾਨ ਹੋਵੇ, ਫੇਰ ਮੁੱਲ ਪੈਂਦਾ ਕੁਰਬਾਨੀਆਂ ਦਾ। ਹਾਂ, ਉਹ ਗ਼ਰੀਬਾਂ ਦੇ ਬਾਦਸ਼ਾਹ ਸਨ, ਉਨ੍ਹਾਂ ਦੀ ਕੀਤੀ ਸੇਵਾ ਬੇਨਜ਼ੀਰ ਹੈ।

ਹਜਾਰਾ ਸਿੰਘ ਹਮਦਮ ਨੇ ਬਾਬਾ ਜੀ ਦੀ ਤੁਲਨਾ ਭਗਤ ਪ੍ਰਲਾਦ ਨਾਲ ਕਰਦਿਆਂ ਕਿਹਾ, "ਅਰਸ਼ ਫਰਸ਼ ਕੰਬੇ ਤੇਰੇ ਦੁੱਖ ਸੁਣਕੇ ਯਾਦ ਆਵੰਦਾ ਭਗਤ ਪ੍ਰਲਾਦ ਬਾਬਾ। ਹਮਦਮ ਤੇਰੀਆਂ ਉੱਚ ਕੁਰਬਾਨੀਆਂ ਨੇ, ਕਰਨਾ ਦੇਸ਼ ਨੂੰ ਝੱਟ ਆਜ਼ਾਦ ਬਾਬਾ। ਮਸ਼ਹੂਰ ਕਵੀ 'ਰਿਲਕੇ' ਨੇ ਆਪਣੀ ਇਕ ਕਵਿਤਾ ਵਿਚ ਆਪਣੇ ਮੋਏ ਮਿੱਤਰ ਨੂੰ ਏਦਾਂ ਯਾਦ ਕੀਤਾ ਹੈ: ਮੇਰੇ ਆਪਣੇ ਜਿਹੜੇ ਮਰ ਚੁੱਕੇ ਨੇ, ਮੇਰੇ ਕੋਲ ਹਨ ਮੈਂ ਉਨ੍ਹਾਂ ਨੂੰ ਜਾਣ ਦਿੱਤਾ ਤੇ ਹੈਰਾਨ ਰਹਿ ਗਿਆ ਉਹ ਮਰ ਕੇ ਕਿੰਨੇ ਸ਼ਾਂਤ ਹੋ ਗਏ ਕਿੰਨੇ ਖੁਸ਼; ਉਨ੍ਹਾਂ ਦੀ ਫਿਤਰਤ ਏਦਾਂ ਦੀ ਤੇ ਨਹੀਂ ਸੀ। ਸਿਰਫ਼ ਤੂੰ, ਤੂੰ ਵਾਪਸ ਆਉਂਦਾ ਏਂ ਮੈਨੂੰ ਛੂਹ ਕੇ ਲੰਘਦਾ ਏਂ ਏਧਰ ਉਧਰ ਘੁੰਮਦਾ ਚੀਜ਼ਾਂ ਤੇ ਦਸਤਕ ਦਿੰਦਾ ਆਵਾਜ਼ ਨਾਲ ਤੇਰੇ ਹੋਣ ਦਾ ਪਤਾ ਲੱਗਦਾ ਏ।

4 ਜਨਵਰੀ 2020 ਨੂੰ ਇਸ ਮਹਾਂਪੁਰਖ ਦਾ 50ਵਾਂ ਜਨਮ ਦਿਨ ਹੈ। ਵੱਖ-ਵੱਖ ਪਾਰਟੀਆਂ ਉਨ੍ਹਾਂ ਦੇ ਜਨਮ ਦਿਹਾੜੇ ਨੂੰ ਆਪੋ ਆਪਣੇ ਤਰੀਕਿਆਂ ਨਾਲ ਮਨਾਉਣ ਦਾ ਯਤਨ ਕਰ ਰਹੀਆਂ ਹਨ। ਸੋਹਨ ਸਿੰਘ ਭਕਨਾ ਪੰਜਾਬ ਦਾ ਮਹਾਂਨਾਇਕ ਸੀ। ਉਹ ਸਾਰੇ ਪੰਜਾਬੀਆਂ ਦਾ ਸੀ। ਉਹਦਾ ਨਾਂ ਲੈ ਕੇ ਹਰ ਪੰਜਾਬੀ ਦਾ ਸਿਰ ਉੱਚਾ ਹੁੰਦਾ ਹੈ। ਉੱਚ ਕੁਰਬਾਨੀਆਂ ਵਾਲੇ ਇਸ ਫ਼ਕੀਰ ਦੀ ਯਾਦ ਪੰਜਾਬ ਦੀਆਂ ਬਰੂਹਾਂ ਤੇ ਦਸਤਕ ਦੇ ਰਹੀ ਹੈ। ਕੀ ਪੰਜਾਬੀ ਇਸ ਫ਼ਕੀਰ ਨੂੰ ਯਾਦ ਕਰ ਰਹੇ ਹਨ?

Sri Satguru Jagjit Singh Ji Elibrary NamdhariElibrary@gmail.com

ਅੱਠਵਾਂ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ-

ਸ੍ਰੀ ਭੈਣੀ ਸਾਹਿਬ 23-24 ਨਵੰਬਰ 2019

ਸ੍ਰੀ ਸਤਿਗੁਰੂ ਜੀ ਦੀਪ ਪ੍ਰਜਵਲਿਤ ਕਰਦੇ ਹੋਏ।

ਹਰਨਾਮ ਸਿੰਘ (ਤਬਲਾ), ਵਿਨਾਇਕ ਸਹਾਇ (ਸਾਰੰਗੀ ਵਾਦਨ)



ਉਸਤਾਦ ਰਸ਼ੀਦ ਖਾਨ (ਗਾਇਨ), ਪੰਡਿਤ ਸ਼ੁੰਭਾਂਕਰ ਬੈਨਰਜੀ (ਤਬਲਾ), ਉਸਤਾਦ ਮੁਰਾਦ ਅਲੀ (ਸਾਰੰਗੀ)

ਵਿਦਵਾਨ ਗਿਰਿਧਰ ਉੱਡੁਪਾ (ਘਟਮ), ਵਿਦਵਾਨ ਅਨੰਥਾ ਕ੍ਰਿਸ਼ਨਨ (ਮਿਰਦੰਗਮ), ਪੰ. ਸ਼ੁੰਭਾਕਰ ਬੈਨਰਜੀ (ਤਬਲਾ)

ਨਾਮਧਾਰੀ ਕਲਾ ਕੇਂਦਰ ਦੀਆਂ ਬੱਚੀਆਂ- ਸਿਤਰ ਵਾਦਨ

ਗੁੰਦੇਚਾ ਬੰਧੂ, ਧਰੁਪਦ ਗਾਇਨ

ਪੰ. ਰਾਹੁਲ ਸ਼ਰਮਾ (ਸੰਤੂਰ), ਪੰ. ਰਾਮ ਕੁਮਾਰ ਮਿਸ਼ਰਾ (ਤਬਲਾ)

ਸਰੋਤਾ ਜਨ

ਸ੍ਰੀ ਸਤਿਗੁਰੂ ਜੀ ਨਾਲ ਵਿਦਵਾਨ
ਗਿਰਿਧਰ ਉਡੁਪਾ (ਘਟਮ ਵਾਦਕ)

ਪੰ. ਰਾਹੁਲ ਸ਼ਰਮਾ, ਸ੍ਰੀ ਸਤਿਗੁਰੂ ਜੀ ਪਾਸੋਂ
ਅਸ਼ਿਰਵਾਦ ਪ੍ਰਾਪਤ ਕਰਦੇ ਹੋਏ।

ਸ੍ਰੀ ਸਤਿਗੁਰੂ ਜੀ ਪ੍ਰਮੁੱਖ ਕਲਾਕਾਰਾਂ ਨਾਲ।

'ਸੰਗੀਤ ਸਰੂਪ ਸਤਿਗੁਰੂ' ਡਾਕੂਮੈਂਟਰੀ ਰਿਲੀਜ਼ ਸਮਾਰੋਹ 27 ਨਵੰਬਰ 2019 ਸ੍ਰੀ ਫੋਰਟ ਆਡੋਟੋਰੀਅਮ- ਦਿੱਲੀ

ਸੰਗੀਤ ਸਰੂਪ ਸਤਿਗੁਰੂ ਰਿਲੀਜ਼ ਸਮਾਰੋਹ ਸਮੇਂ ਪ੍ਰੈਸ ਕਾਨਫਰੰਸ: ਸ੍ਰੀ ਸਤਿਗੁਰੂ ਜੀ ਅਤੇ ਪ੍ਰਮੁੱਖ ਸੰਗੀਤਾਚਾਰਯ

ਸਰੋਤਾ ਜਨ



ਸ੍ਰੀ ਸਤਿਗੁਰੂ ਜੀ ਉਸਤਾਦ ਸਾਜਨ ਮਿਸ਼ਰਾ ਜੀ ਬਚਨ ਬਿਲਾਸ ਕਰਦੇ

ਉਸਤਾਦ ਅਮਜ਼ਦ ਅਲੀ ਜੀ ਨੂੰ ਸਨਮਾਨ ਚਿਨ੍ਹ ਬਖਸ਼ਦੇ ਹੋਏ।

ਪੰਡਿਤ ਬਿਰਜੂ ਮਹਾਰਾਜਜੀ ਨੂੰ ਸਨਮਾਨ ਚਿਨ੍ਹ ਬਖਸ਼ਦੇ ਹੋਏ।



ਪੰ. ਸਾਜਨ ਮਿਸ਼ਰਾ ਜੀ ਨੂੰ ਸਨਮਾਨ ਚਿਨ੍ਹ ਬਖਸ਼ਦੇ ਹੋਏ।



ਉ.ਵਸੀਫੁਦੀਨ ਡਾਗਰ(ਧਰੁਪਦ ਗਾਇਕ)ਜੀ ਨੂੰ ਸਨਮਾਨ ਚਿਨ੍ਹ ਬਖਸ਼ਦੇ ਹੋਏ।

ਉਸਤਾਦ ਹਰਭਜਨ ਸਿੰਘ ਜੀ ਨੂੰ ਸਨਮਾਨ ਚਿਨ੍ਹ ਬਖਸ਼ਦੇ ਹੋਏ।

ਪੰ. ਰਜਿੰਦਰ ਗੰਗਾਨੀ (ਕੱਥਕ) ਜੀ ਨੂੰ ਸਨਮਾਨ ਚਿਨ੍ਹ ਬਖਸ਼ਦੇ ਹੋਏ।



ਪੰ. ਰਮਾਂਕਾਂਤ ਜੀ ਨੂੰ ਸਨਮਾਨ ਚਿਨ੍ਹ ਬਖਸ਼ਦੇ ਹੋਏ।



ਸ੍ਰੀ ਸਤਿਗੁਰੂ ਜੀ ਨਾਲ ਸੱਜਿਓ: ਪੰ. ਬਿਰਜੂ ਮਹਾਰਾਜ, ਉ.ਵਸੀਫੁਦੀਨ ਡਾਗਰ, ਉ. ਅਮਜਦ ਅਲੀ ਜੀ,
ਪੰ. ਸਾਜਨ ਮਿਸ਼ਰਾ, ਉ: ਹਰਭਜਨ ਸਿੰਘ, ਪੰ: ਰਮਾਂਕਾਂਤ ਜੀ ਨਾਲ ਆਦਿ

Sri Satguru Jagjit Singh Ji Elibrary NamdhariElibrary@gmail.com

ਸੇਠ ਹਰਭਜਨ ਸਿੰਘ ਔਰੰਗਾਬਾਦ ਵਾਲੇ ਗੁਰਪੁਰੀ ਸਿਧਾਰ ਗਏ

-ਸੂਬਾ ਬਲਵਿੰਦਰ ਸਿੰਘ ਝੱਲ

ਅੰਮ੍ਰਿਤਸਰ ਜਿਲੇ ਦੇ ਪਿੰਡ ਮਹਿਸਮਪੁਰ ਦੇ ਰਹਿਣ ਵਾਲੇ ਮਹੰਤ ਸੰਤਾ ਸਿੰਘ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਚੇਚਾ ਹੁਕਮ ਕੀਤਾ ਕਿ ਸੰਤਾ ਸਿੰਘ ਆਪਣੇ ਪਰਿਵਾਰ ਸਮੇਤ ਉੱਤਰ ਪ੍ਰਦੇਸ ਸ਼ਹਿਰ ਲਖਨਊ ਚਲੇ ਜਾਉ। ਬਸ ਹੁਕਮ ਹੋਣ ਦੀ ਦੇਰ ਸੀ ਕਿ ਸੰਤਾ ਸਿੰਘ ਜੀ ਮਹਿਸਮਪੁਰ ਪਿੰਡ ਤੋਂ ਲਖਨਊ ਦੇ ਪੰਜਾਬੀ ਮਹੱਲੇ ਨਿਊ ਗਣੇਸ਼ ਗੰਜ ਦੀ ਨਾਮਧਾਰੀ ਧਰਮਸ਼ਾਲਾ ਪਹੁੰਚ ਗਏ ਅਤੇ ਨਾਮਧਾਰੀ ਧਰਮਸ਼ਾਲਾ ਦੇ ਮਹੰਤ ਦਾ ਕੰਮ ਕਾਜ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ 1935 ਵਿਚ ਆਣ ਕੇ ਸੰਭਾਲ ਲਿਆ। ਇਥੇ ਲਖਨਊ ਦੀ ਨਾਮਧਾਰੀ ਧਰਮਸ਼ਾਲਾ ਦੇ ਵਿਚ ਰਹਿੰਦੇ ਹੀ ਜਨਵਰੀ 1940 ਨੂੰ ਮਹੰਤ ਸੰਤਾ ਸਿੰਘ ਦੇ ਘਰ ਇੱਕ ਬਾਲਕ ਨੇ ਜਨਮ ਲਿਆ ਜਿਸ ਦਾ ਨਾਮ ਹਰਭਜਨ ਸਿੰਘ ਰੱਖਿਆ ਗਿਆ ਜੋ ਕਿ ਬਾਅਦ ਵਿਚ ਸੇਠ ਹਰਭਜਨ ਸਿੰਘ ਔਰੰਗਾਬਾਦ ਨਾਮ ਨਾਲ ਜਾਣੇ ਜਾਣ ਲੱਗੇ। ਤਿੰਨ ਭਰਾ ਹਰਭਜਨ ਸਿੰਘ, ਹਰਮੀਤ ਸਿੰਘ ਅਤੇ ਸੁਰਜੀਤ ਸਿੰਘ ਅਤੇ ਤਿੰਨ ਹੀ ਭੈਣਾਂ ਮਨਜੀਤ ਕੌਰ, ਸੁਰਿੰਦਰ ਕੌਰ ਅਤੇ ਨਰਿੰਦਰ ਕੌਰ ਸਨ। ਇਹਨਾਂ ਦੀ ਮਾਤਾ ਦਾ ਨਾਮ ਗੁਰਦਿਆਲ ਕੌਰ ਸੀ। ਭਰ ਜਵਾਨੀ ਵਿਚ ਸੇਠ ਹਰਭਜਨ ਸਿੰਘ ਕਾਰੋਬਾਰ ਦੀ ਭਾਲ ਵਿਚ 1970 ਦੇ ਕਰੀਬ ਹਿੰਦੋਸਤਾਨ ਦੇ ਦੱਖਣ ਦੀ ਧਰਤੀ ਤੇ ਆਣ ਪਹੁੰਚੇ ਜਿਥੇ ਜਿਲਾ ਔਰੰਗਾਬਾਦ ਦੀ ਤਹਿਸੀਲ ਅੰਬੜ ਦੇ ਪਿੰਡ ਭਾਰੜੀ ਵਿਖੇ ਇਕ ਨਹਿਰ ਪੱਕੀ ਕਰਨ ਦਾ ਕੰਮ ਠੇਕੇ ਤੇ ਲੈ ਲਿਆ। ਜਦੋਂ ਇਹ ਕੰਮ ਬੜੀ ਸਫਲਤਾ-ਪੂਰਵਕ ਨੇਪਰੇ ਚੜ੍ਹਿਆ ਤਾਂ ਸ. ਹਰਭਜਨ ਸਿੰਘ ਠੇਕੇਦਾਰ, ਹਰਭਜਨ ਸਿੰਘ ਦੇ ਨਾਮ ਨਾਲ ਮਸ਼ਹੂਰ ਹੋ ਗਏ। ਭਾਰੜੀ ਗਾਉਂ ਦੇ ਸ੍ਰੀ ਸੁਭਾਸ ਰਾਓ ਅਤੇ ਸਾਹਿਬ ਰਾਓ ਸ. ਹਰਭਜਨ ਸਿੰਘ ਦੇ ਅਤਿ ਨਜ਼ਦੀਕੀ ਸੱਜਣਾਂ ਵਿਚੋਂ ਜਾਣੇ ਜਾਂਦੇ ਸਨ। ਇਸ ਕੰਮ ਦੀ ਸਫਲਤਾ ਤੋਂ ਬਾਅਦ ਅਗਲਾ ਕੰਮ ਕਾਜ ਸੀ ਸ੍ਰੀ ਹਜ਼ੂਰ ਸਾਹਿਬ ਨੰਦੇੜ ਦੀ ਧਰਤੀ ਤੇ ਵਿਸ਼ਨੂੰ ਪੁਰੀ ਡੈਮ ਦੀ ਉਸਾਰੀ ਕਰਨਾ, ਜਿਸਨੂੰ ਸ. ਹਰਭਜਨ ਸਿੰਘ ਨੇ 1975 ਦੇ ਕਰੀਬ ਸ਼ੁਰੂ ਕੀਤਾ ਇਸ ਕਾਰਜ ਨੂੰ ਸ਼ੁਰੂ ਕਰਨ ਲਈ ਸੇਠ ਜੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਅਰਜ਼ ਕੀਤੀ ਕਿ ਆਪਜੀ ਡੈਮ ਦੀ ਉਸਾਰੀ ਦੇ ਕਾਰਜ ਦੀ ਅਰੰਭਤਾ ਸਮੇਂ ਦਰਸ਼ਨ ਦੇਣ ਦੀ ਕਿਰਪਾ ਕਰੋ ਤਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਰਜ਼ ਪ੍ਰਵਾਨ ਕਰਦੇ ਹੋਏ ਸ੍ਰੀ ਹਜ਼ੂਰ ਸਾਹਿਬ ਵਿਖੇ ਡੈਮ ਤੇ ਦਰਸ਼ਨ ਦੇਣ ਦੀ ਕਿਰਪਾ ਕੀਤੀ ਅਤੇ ਅਸ਼ੀਰਵਾਦ ਬਖ਼ਸ਼ਿਆ।

ਸੇਠ ਹਰਭਜਨ ਸਿੰਘ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕਿਰਪਾ ਹੀ ਸੀ ਕਿ ਔਰੰਗਾਬਾਦ ਵਿਖੇ 1980 ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਕੀਤਾ ਸੰਗੀਤ ਸੰਮੇਲਨ ਇਕ ਇਤਿਹਾਸਿਕ ਅਤੇ ਯਾਦਗਾਰੀ ਸੰਗੀਤ ਸੰਮੇਲਨ ਬਣ ਗਿਆ। ਬਸ ਫੇਰ ਕੀ ਸੀ ਸੇਠ ਹਰਭਜਨ ਸਿੰਘ ਜੀ ਦੀ ਜਿੰਦਗੀ ਦਾ ਤਨ, ਮਨ ਅਤੇ ਧਨ ਹਮੇਸ਼ਾਂ ਵਾਸਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਅਰਪਣ ਹੋ ਗਿਆ। ਉਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਖੁਸ਼ੀ ਨੂੰ ਹੀ ਆਪਣੀ ਜਿੰਦਗੀ ਦਾ ਸਰਮਾਇਆ ਸਮਝਣ ਲੱਗੇ। ਜਿੰਦਗੀ ਦੇ ਹਰ ਪੱਖ ਤੋਂ ਸੰਤੁਸ਼ਟ ਸੇਠ ਜੀ ਨੇ ਸੇਵਾ, ਸਿਮਰਨ ਅਤੇ ਆਪਣੇ ਹੱਥੀਂ ਦਾਨ ਕਰਨ ਨੂੰ ਆਪਣੀ ਜਿੰਦਗੀ ਦਾ ਅਸਲ ਮਨੋਰਥ ਸਮਝ ਕੇ ਔਰੰਗਾਬਾਦ ਸ਼ਹਿਰ ਤੋਂ 10 ਕਿਲੋਮੀਟਰ ਦੂਰ ਨਾਮਧਾਰੀ ਫਾਰਮ ਹਾਊਸ ਬਣਾਇਆ ਜਿਥੇ ਉਚੇਚੇ ਤੌਰ ਤੇ ਫ਼ਲਦਾਰ ਰੁੱਖ ਲਾਕੇ ਇਸ ਜਗ੍ਹਾ ਨੂੰ ਸੁੰਦਰ ਅਤੇ ਰਮਣੀਕ ਬਣਾ ਦਿੱਤਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਦੀ ਆਗਿਆ ਅਨੁਸਾਰ ਹਰ ਸਾਲ ਇਥੇ ਨਾਮ ਸਿਮਰਨ ਦਾ ਜਪ ਪ੍ਰਯੋਗ ਕਰਨ ਦੇ ਨਾਲ-ਨਾਲ ਕਥਾ ਕੀਰਤਨ ਦਾ ਪ੍ਰਵਾਹ ਅਰੰਭ ਕਰ ਦਿੱਤਾ। ਸ੍ਰੀ ਭੈਣੀ ਸਾਹਿਬ ਤੋਂ ਹਰ ਸਾਲ ਜਥੇਦਾਰ ਅਤੇ ਵਿਦਵਾਨ ਸੱਜਣਾਂ ਨੂੰ ਬੁਲਾ ਕੇ ਇਹ ਕਾਰਜ ਕਰਨਾ ਸੰਤ ਹਰਭਜਨ ਸਿੰਘ ਜੀ ਦੀ ਜਿੰਦਗੀ ਦਾ ਹਿੱਸਾ ਬਣ ਗਿਆ। ਇਸ ਕਰਕੇ ਸ. ਹਰਭਜਨ ਸਿੰਘ ਦਾ ਇਹ ਫਾਰਮ ਹਾਊਸ ਉਥੋਂ ਦੇ ਲੋਕਲ ਲੋਕਾਂ ਵਿਚ ਇਕ ਸਾਧੂਆਂ ਦੇ ਆਸ਼ਰਮ ਦੇ ਨਾਮ ਨਾਲ ਜਾਣਿਆ ਜਾਣ ਲੱਗਾ ਅਤੇ ਲੋਕਲ ਲੋਕਾਂ

Sri Satguru Jagjit Singh Ji Elibrary NamdhariElibrary@gmail.com

ਵਿਚ ਸੰਤ ਹਰਭਜਨ ਸਿੰਘ ਦਾ ਨਾਮ ਸਤਕਾਰਿਆ ਜਾਣ ਲੱਗਾ। ਨਾਮਧਾਰੀ ਪੰਥ ਵਿਚ ਸ. ਹਰਭਜਨ ਸਿੰਘ ਦਾ ਨਾਮ ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀਂ ਸੀ। 'ਕੇਲ ਕਰੇਂਦ ਹੰਝ ਨੂੰ ਅਚਿੰਤੇ ਬਾਜ ਪਏ' ਗੁਰਬਾਣੀ ਦੀ ਇਸ ਪੰਗਤੀ ਮੁਤਾਬਿਕ ਅੰਤ 9 ਨਵੰਬਰ 2019 ਨੂੰ ਸ਼ਾਮ 3 ਵਜੇ ਬਰੇਨ ਦਾ ਅਟੈਕ ਆਇਆ ਜੋ ਉਹਨਾਂ ਦੀ ਜੀਵਨ ਦੀ ਸਮਾਪਤੀ ਦਾ ਕਾਰਨ ਬਣਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸ਼ਰਧਾਵਾਨ ਸਿੱਖ ਅਤੇ ਹਾਜਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ ਤੇ ਅਥਾਹ ਸ਼ਰਧਾ ਰੱਖਣ ਵਾਲਾ ਇਕ ਪਿਆਰਾ ਸਿੱਖ ਸ. ਹਰਭਜਨ ਸਿੰਘ ਔਰੰਗਾਬਾਦ ਇਸ ਸੰਸਾਰ ਤੋਂ ਆਪਣੀ ਜੀਵਨ ਲੀਲਾ ਸਮਾਪਤ ਕਰਕੇ ਗੁਰਪੁਰੀ ਸਿਧਾਰ ਗਿਆ। ਉਹਨਾਂ ਦੇ ਦੋਸਤਾਂ, ਮਿੱਤਰਾਂ ਅਤੇ ਸਾਕ ਸਬੰਧੀਆਂ ਲਈ ਇਹ ਖਬਰ ਬਹੁਤ ਮਾੜੀ ਸੀ। ਸ. ਹਰਭਜਨ ਸਿੰਘ ਔਰੰਗਾਬਾਦ ਜੀ 11-11-2019 ਮੁਤਾਬਿਕ 26 ਕੱਤਕ 2076 ਦਿਨ ਸੋਮਵਾਰ ਅਕਾਲ ਚਲਾਣਾ ਕਰਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਜਾ ਬਿਰਾਜੇ ਸੇਠ ਹਰਭਜਨ ਸਿੰਘ ਜੀ ਦੇ ਸਪੁੱਤਰ ਸ. ਗੁਰਮੀਤ ਸਿੰਘ, ਰਵਿੰਦਰਪਾਲ ਸਿੰਘ ਅਤੇ ਗੁਰਪ੍ਰੀਤ ਸਿੰਘ ਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਕਿ ਉਹ ਪਿਤਾ ਦੇ ਪਿਆਰ ਤੋ ਵਾਂਝੇ ਹੋ ਗਏ ਹਨ।

ਸੇਠ ਹਰਭਜਨ ਸਿੰਘ ਜੀ ਨਮਿੱਤ ਭੋਗ ਸਮਾਗਮ ਤੇ ਮੇਲਾ ਮਿਤੀ 17 ਨਵੰਬਰ 2019 ਮੁਤਾਬਿਕ 2 ਮੱਘਰ 2076 ਦਿਨ ਐਤਵਾਰ ਨੂੰ ਔਰੰਗਾਬਦ ਨਾਮਧਾਰੀ ਫਾਰਮ ਹਾਊਸ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜੂਰੀ ਵਿਚ ਕੀਤਾ ਗਿਆ। ਹਜੂਰੀ ਰਾਗੀ ਹਰਬੰਸ ਸਿੰਘ ਘੁੱਲਾ ਤੇ ਸ਼ਾਮ ਸਿੰਘ ਨੇ ਕੀਰਤਨ ਕੀਤਾ। ਲੋਕਲ ਮਰਾਠੀ ਲੋਕਾਂ ਦਾ ਵੱਡਾ ਇਕੱਠ ਸੀ ਜੋ ਸੇਠ ਹਰਭਜਨ ਸਿੰਘ ਜੀ ਦੇ ਵਿਛੋੜੇ ਵਿਚ ਉਦਾਸ ਸਨ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਪਵਿੱਤਰ ਉਪਦੇਸ਼ ਵਿਚ ਫੁਰਮਾਇਆ ਕਿ ਸੇਠ ਹਰਭਜਨ ਸਿੰਘ ਜੀ ਨੇ ਜਿੰਦਗੀ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਅਥਾਹ ਖੁਸ਼ੀਆਂ ਪ੍ਰਾਪਤ ਕੀਤੀਆਂ ਹਨ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਔਰੰਗਾਬਾਦ ਦਾ ਸੰਗੀਤ ਸੰਮੇਲਨ ਸੇਠ ਹਰਭਜਨ ਸਿੰਘ ਜੀ ਦੀ ਜਿੰਦਗੀ ਦੀ ਬਹੁਤ ਵੱਡੀ ਪ੍ਰਾਪਤੀ ਸੀ। ਸ੍ਰੀ ਸਤਿਗੁਰੂ ਜੀ ਨੇ ਬੱਚਿਆਂ ਨੂੰ ਗੁਰਸਿੱਖੀ ਜੀਵਨ ਦੀ ਸਿਖਿਆ ਸੇਠ ਜੀ ਦੇ ਜੀਵਨ ਤੋਂ ਗ੍ਰਹਿਣ ਕਰਨ ਦਾ ਹੁਕਮ ਕੀਤਾ। ਸ੍ਰੀ ਸਤਿਗੁਰੂ ਜੀ ਨੇ ਸੇਠ ਜੀ ਦੇ ਵੱਡੇ ਸਪੁੱਤਰ ਗੁਰਮੀਤ ਸਿੰਘ ਨੂੰ ਦਸਤਾਰ ਸਜਾਉਣ ਦੀ ਕ੍ਰਿਪਾ ਕੀਤੀ।

.....ਬਾਕੀ ਸਫ਼ਾ 5 ਦੀ

ਇਸੇ ਲਈ ਪਾਤਸ਼ਾਹ ਦੁਸਮਣ ਦਲਾਂ ਵਿੱਚ ਵੀ ਪਾਣੀ ਪਿਲਾਉਣ ਵਾਲੇ ਭਾਈ ਘਨਈਆ ਜੀ ਨੂੰ ਜਿੱਥੇ ਖ਼ੁਸ਼ੀਆਂ ਬਖਸ਼ਦੇ ਹਨ ਉੱਥੇ ਉਸ ਨੂੰ ਮਲ੍ਹਮ ਦੀ ਡੱਬੀ ਦੇ ਕੇ ਜਖਮੀਆਂ ਦੀ ਇੱਕ-ਸਾਰ ਸੇਵਾ ਕਰਨ ਦਾ ਹੁਕਮ ਬਖਸ਼ਿਸ਼ ਕਰਦੇ ਹਨ। ਅੱਜ ਦੇ ਸੜਦੇ ਬਲਦੇ ਜਗਤ ਵਿੱਚ ਅਸੀਂ ਗੁਰੂ ਸਾਹਿਬ ਦੇ ਉਪਦੇਸ਼ਾਂ ਅਨੁਸਾਰ 'ਰਾਮੁ ਰਵਿ ਰਹਿਆ ਸਰਬਗੇ' ਨੂੰ ਪਛਾਣ ਕੇ ਹੀ ਸੁੱਖ ਅਤੇ ਸ਼ਾਂਤੀ ਦਾ ਮਾਹੌਲ ਸਿਰਜ ਸਕਦੇ ਹਾਂ।

ਮੈਂ ਸ੍ਰ: ਗੁਰਬਖ਼ਸ਼ ਸਿੰਘ ਪ੍ਰੀਤਲੜੀ ਹੋਰਾਂ ਦੇ ਵਿਚਾਰਾਂ ਨਾਲ ਆਪਣੀ ਗੱਲ ਨੂੰ ਸਮਾਪਤ ਕਰਦਾ ਹਾਂ। ਉਹ ਲਿਖਦੇ ਹਨ: 'ਗੁਰੂ ਸਾਹਿਬ ਦਾ ਮੂਲ ਮਨੋਰਥ ਓਦਣ ਸੰਪੂਰਨ ਹੋਇਆ ਸਮਝਿਆ ਜਾਏਗਾ, ਜਿਦਣ ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ' ਦਾ ਆਦਰਸ਼ ਨੇਪੜੇ ਚੜ੍ਹ ਜਾਏਗਾ। ਸਾਡੇ ਪਿੰਡ ਸੋਹਣੇ ਹੋ ਜਾਣਗੇ, ਸਾਡੇ ਸ਼ਹਿਰਾਂ ਵਿੱਚ ਕੋਈ ਬੇ-ਰੁਜ਼ਗਾਰ ਨਹੀਂ ਰਹੇਗਾ, ਜਾਤ-ਪਾਤ ਅਤੇ ਮਜ਼ਹਬ ਦਾ ਵੇਰਵਾ ਨਹੀਂ ਰਹੇਗਾ, ਨਾ ਕੋਈ ਵੈਰੀ ਤੇ ਨਾ ਬੇਗਾਨਾ ਰਹੇਗਾ, ਇਸਤਰੀ ਮਰਦ ਬਰਾਬਰ ਦੇ ਸਾਥੀ ਹੋਣਗੇ, ਜ਼ਿੰਦਗੀ ਦੇ ਬੇਅੰਤ ਵਸੀਲਿਆਂ ਦਾ ਵਿਕਾਸ ਹਰ ਕਿਸੇ ਦੀ ਪ੍ਰਫੁੱਲਤਾ ਦੀ ਜ਼ਮਾਨਤ ਹੋਵੇਗਾ ਤੇ ਜੀਵ-ਪ੍ਰੇਮ ਨੂੰ ਹੀ ਪ੍ਰਭੂ ਦੀ ਪ੍ਰਾਪਤੀ ਗਿਣਿਆ ਜਾਏਗਾ।'

-ਨਿਸ਼ਾਨ ਸਿੰਘ ਕਥਾਕਾਰ, ਸੰਪ: 94632-46448

Sri Satguru Jagjit Singh Ji Elibrary NamdhariElibrary@gmail.com

13 ਦਸੰਬਰ: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਯਾਦ ਕਰਦਿਆਂ

ਅੱਜ ਦੇ ਦਿਨ ਕੀ, ਹਰਦਮ
ਯਾਦ ਕਰਦੇ ਹਾਂ ਤੁਸਾਂ ਨੂੰ ਦਾਤਿਆ।
ਸਾਡੇ ਸਾਹਾਂ 'ਚ ਸਦਾ ਵੱਸਦੇ ਹੋ
ਸਾਡਾ ਦਮ ਹੀ ਤੁਸੀਂ ਹੋ ਦਾਤਿਆ।

ਅਸੀਂ ਤਾਂ ਅਕਸਰ ਰੁੱਸਦੇ ਰਹੇ
ਪਰ ਤੁਸੀਂ ਸਾਨੂੰ ਮਨਾਉਂਦੇ ਰਹੇ।
ਤੇਰੀ ਮਿਹਰ ਦੇ ਮੀਂਹ 'ਚ ਸਾਈਆਂ
ਅਸੀਂ ਤਾਂ ਸਦਾ ਨਹਾਉਂਦੇ ਰਹੇ।

ਪੰਜਾਹ ਵਰ੍ਹਿਆਂ ਦੀ ਤਪੱਸਿਆ ਥੀਂ
ਤੁਸਾਂ ਇਸ ਪੰਥ ਨੂੰ ਭਾਗ ਲਾਏ
ਸੁੱਤੇ ਹੋਏ ਸੈਆਂ ਹਜ਼ਾਰਾਂ ਦੇ ਭਾਗ
ਤੁਸਾਂ ਹਰ ਥਾਂ ਝਬ ਆਪ ਜਗਾਏ।

ਬੀਆਬਾਨਾਂ 'ਚ ਤੁਸਾਂ ਬਾਗ ਲਾਏ
ਵਿਰਾਨਾਂ 'ਚ ਕਈ ਸਵਰਗ ਵਸਾਏ।
ਬੰਜਰ ਧਰਤੀਆਂ ਨੂੰ ਕਰ ਉਪਜਾਊ
ਸੰਸਾਰ-ਪ੍ਰਸਿੱਧ ਬੀਜ-ਫਾਰਮ ਬਣਾਏ।

ਸ਼ਹੀਦਾਂ ਦੀਆਂ ਯਾਦਗਾਰਾਂ ਉਸਾਰ
ਸ਼ਹੀਦੀ ਮੇਲੇ ਹਰ ਸਾਲ ਕਰਵਾਏ।
ਸੁਨਹਿਰੀ ਕੂਕਾ ਇਤਿਹਾਸ ਦੇ ਪੰਨੇ
ਤੁਸਾਂ ਨਵੇਂ ਸਿਰਿਓਂ ਹਜ਼ਾਰਾਂ ਲਿਖਵਾਏ।

ਤੇਰੇ ਸੰਗੀਤ ਦੀ ਰਸ-ਭਿੰਨੀ ਸੀ ਅਲੋਕਾਰ ਛਹਿਬਰ।
ਸਾਜ਼ਾਂ ਆਵਾਜ਼ਾਂ ਥੀਂ ਸਿਰਜੇ ਹਜ਼ਾਰਾਂ ਕਲਾਕਾਰ
ਤੂੰ ਮੇਰੇ ਰਹਿਬਰ।

ਜੀਣਾ ਹੈ ਤਾਂ ਜੀਓ ਰਹਿਣੀ ਬਹਿਣੀ
ਸਹਿਣੀ ਕਥਨੀ ਕਰਨੀ ਇਕ ਕਰਕੇ।
ਮਰਨਾ ਹੈ ਤਾਂ ਮਰਜੀਵੜੇ ਹੋ ਜਾਓ
ਨਿਰਭਉ-ਨਿਰਵੈਰ ਦਾ ਪਾਠ ਪੜ੍ਹਕੇ।"

ਨਾਮਧਾਰੀ ਪੰਥ ਪ੍ਰਸਿੱਧ ਕੀਤਾ ਤੁਸਾਂ
ਇਓਂ ਫਿਰ ਸਾਰੇ ਸੰਸਾਰ ਦੇ ਅੰਦਰ।

ਸੰਤ ਖਾਲਸੇ ਦਾ ਡੰਕਾ ਵਜਾਇਆ
ਵਿਸਥਾਰਿਆ ਸਾਰੇ ਸੰਸਾਰ ਦੇ ਅੰਦਰ।

ਮੇਰੀ ਵੀ ਇਕ ਰੀਝ ਸੀ ਇਕ ਵੇਰਾਂ
ਤੁਸੀਂ ਮੈਨੂੰ ਗਲੇ ਲਾਉਂਦੇ ਸਤਿਗੁਰ !
ਉਹ ਵੀ ਸੁਪਨੇ ਪੂਰੀ ਕਰ ਵਿਖਾਈ
ਤੇਰੇ ਹੀ ਰੂਪ ਉਦੇ ਸਿੰਘ ਸਤਿਗੁਰ !

ਤੇਰੇ ਕੌਤਕਾਂ ਬਖ਼ਸ਼ਸ਼ਾਂ ਬਰਕਤਾਂ ਦਾ
ਨਹੀਂ ਹੈ ਕੋਈ ਪਾਰਾਵਾਰ ਸਤਿਗੁਰ !
ਤਰੁੱਠ ਗਏ ਤੁਸੀਂ ਜਿਸ ਜੀਵ ਉੱਪਰ
ਹੋ ਗਿਆ ਉਹ ਮਾਲਾਮਾਲ ਸਤਿਗੁਰ !

ਸਤਿਗੁਰੂ ਸਾਨੂੰ ਗੁਰ ਸਿੱਖ ਬਣਾਇਆ
ਨਹੀਂ ਤਾਂ ਬੇੜੀ ਬਿਨ-ਪਤਵਾਰ ਸਾਂ ਅਸੀਂ।
ਗੁਰਬਾਣੀ-ਗੁੱਧੇ ਬਚਨਾਂ ਰਾਹੀਂ ਇਨਸਾਨ ਬਣਾਇਆ
ਨਹੀਂ ਤਾਂ ਮੁਗਧ ਗੰਵਾਰ ਸਾਂ ਅਸੀਂ ।

- ਮਹਿੰਦਰ ਸਿੰਘ ਕੂਕਾ, ਯਮੁਨਾਨਗਰ

The language of silence and music was His way of communicating with us all, the long hours of Naam Simran and even longer hours of Gurbani Kirtan conveyed a lifetime of wisdom every day. One who absorbed the free-flowing energy became one with Him instantly - lost in the realm of peace and happiness. You became a part of the aura which blew away all negativity. 7 years to the date since the day that aura became one with nature, though it is felt even today - up, close and personal. The thought of letting go that aura had never ever occurred and perhaps herein lies the truth that what is today will not be there tomorrow - but what will remain forever will be the alluring smell of the flowers, the pulsating, warm energy, the glance that melted hearts, the warm smile that embraced our hearts and the soothing words - now archived in the vaults of our minds as vintage recordings that we love to replay over and over again. Words can only describe so much - the emotions much more - for I live them every day - please continue to live in our hearts forever - Dhan Satguru Jagjit Singh Ji -

-Taranjit singh

Sri Satguru Jagjit Singh Ji Elibrary NamdhariElibrary@gmail.com

SRI SATGURU JAGJIT SINGH JI - AN EPITOME OF LOVE AND COMPASSION

✍ -Gurmukh Singh, Advocate

ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥

Jaisa Satgur sunida taiso hi mai dith

What I heard about a True Guru, all those aspects I have seen in Him.

ਵਿਛੁੜਿਆ ਮੇਲੇ ਪ੍ਰਭੁ ਹਰਿ ਦਰਗਹ ਕਾ ਬਸੀਠੁ ॥

Vichhuria mele parabhu har dargeh ka basith

He unites the separated ones with Lord and act is a conciliator in the Kingdom of God.

ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ ॥

Har namo mantar dariraida kate haumai rog

He inculcates the name of Lord, and eradicates the evils arising out of egoism

ਨਾਨਕ ਸਤਿਗੁਰੁ ਤਿਨਾ ਮਿਲਾਇਆ
ਜਿਨਾ ਧੁਰੇ ਪਇਆ ਸੰਜੋਗੁ ॥

Nanak satgur tina milaia jina dhure paiya sanjog

Nanak, the ones who are destined by Almighty Lord meet the True Guru.

These verses from the holy Gurbani beautifully signify the relevance of a true Spiritual mentor (Guru) in our life. We have been fortunate to have the blessings of true Guru, Sri Satguru Jagjit Singh ji. He incarnated in the early hours of the dawn, on Monday, 22 November, 1920, (8 Maghar 1977, Bikrami Kattak Sudi Ikadshi) in the House of Satguru Partap Singh ji and Mata Bhupinder Kaur ji as their elder son. He acceded to the ecclesiastical throne (Gurgaddi) as the Supreme Spiritual Head of Namdhari Sikh Sect in the year 1959.

Satguru ji preached humility, love, tolerance and universal brotherhood to all mankind. He made relentless efforts for furtherance of the cause of peace and non violence. He advocated the spiritual doctrine of Ahimsa - non injury and non killing of any kind of life form. Satguru Ji had pity even towards a poisonous snake. He disseminated the teachings of Guru Nanak Dev Ji by himself living his life in accordance with the tenets of Sikhism. He said all the disputes of the world can be amicably resolved by following the simple principle of donating out of your proprietary rights and respecting the rights of others (Apne hak da daan karo, duje de hak di rakhi karo). He emphasised that we should wake up before sunrise, take head to toe bath and sit in meditation (Naam Simran) for at least one hour daily. He gave utmost importance to reciting Gurbani with accurate pronunciation and punctuation.

Satguru ji was master of all arts - Sarb Kala Samrath. He was a renowned classical music maestro. He made relentless efforts to spread the fragrance of Gurbani classical music to every nook and corner of the world.

Sri Satguru Jagjit Singh Ji Elibrary NamdhariElibrary@gmail.com

He preserved the Sikh tradition of singing Gurbani with stringed instruments (Tanti Saaj). In recognition of his contributions in the field of Indian classical music, the National Sangeet Natak Akademi bestowed him with the Tagore Ratan Award in 2012. He was a versatile swimmer, horse rider, polo-player and wrestler. Satguru Ji was fond of badminton and hockey. He encouraged the youth to receive higher education and participate in sports.

Satguru ji embraced everyone with open arms and emphasized on the art of selfless service (Seva). He would spare some time from his busy schedule to clean the utensils at Community kitchen (Langar) and feed the cows. He taught us patience and perseverance. He knew the art of stitching Namdhari clothes and cooking food through which he gave us the valuable lesson of self reliance. He shared a special bond of love with the children. Such was the comfort level of kids with him that they preferred to come to Satguru Ji instead of their families to share their happiness, joy, sorrow or problems. Satguru ji made arrangements for taking care of the sick, old and disabled. He often said that we should be thankful to the people who give us the opportunity to serve them.

Satguru ji asserted the significance of sustainable development and preservation of natural resources. He had in-depth knowledge of flora and fauna. His tireless efforts for the protection of cows were recognised by the Government to India by honouring him with Gopal Ratna award. He enjoyed spending time in the lap of nature and would often take safari tours to wild life sanctuaries. Satguru ji loved to feed the peacocks with his hands at Sri Bhaini Sahib.

True to his name JAGJIT (conqueror of the world), Sri Satguru Jagjit Singh ji triumphed over the millions of hearts with love and compassion. A glimpse of Satguru Ji was enough to take away all the pain and suffering. In his childhood, Satguru Ji was fondly called “Beant Ji”. When asked his name, he would often quote the following verses from Sri Dasam Granth Sahib -

ਅਗਸਤ ਆਦਿ ਜੇ ਬਡੇ ਤਪਸਪਤੀ ਬਿਸੇਖੀਐ ॥

Agasat Aadi Je Bade Tapasapatee Bisekhea

All the distinctive and great ascetics including Agastya

ਬਿਅੰਤ ਬਿਅੰਤ ਬਿਅੰਤ ਕੋ ਕਰੰਤ ਪਾਠ ਪੇਖੀਐ ॥

Beant Beant Beant Ko Karant Paath Pekhea ॥

All are reciting the praises of the infinite, limitless Lord

Satguru ji was indeed an infinite and the limitless Lord. Though, He merged with the eternal light on 13th December, 2012, we still feel the warmth of his presence and His Love is glowing in our hearts. We humbly bow and pray to Satguru Ji - Always lead us to the path of virtue and righteousness.

Cont:97318-7619

Sri Satguru Jagjit Singh Ji Elibrary NamdhariElibrary@gmail.com

A SAGA OF
SRI SATGURU JAGJIT SINGH JI

✍ –Dr. Sharada Jayagovind

Satguru ji travelled extensively in India and abroad and spread the word of God. People thronged to hear his discourses, which brought comfort and solace to them. He based his teachings on the Gurbani and embellished them with everyday experiences, episodes and moral stories. He lived his life in accordance with the teachings of the Gurbani.

Satguru Jagjit Singh ji's presence in the Asa di Vaar or morning congregational prayers drew devotees in large numbers. He advised them to be on time and would be very punctual himself. Seated amidst the sangat, he looked every inch a spiritual emperor. Patsha ji listened with great concentration and devotion to the kirtans rendered by the raagis. He often led and participated in the kirtan.

Patshaji used to play the recorded discourses of Satguru Partap Singh ji to the sangat. These discourses stressed on the importance of naam simran and maryada, which all Namdharis have to follow strictly. Naam simran and recitation of Gurbani form an important aspect of Namdhari Sikhism.

Patsha ji advised the sangat to take up earnestly jap paryog, the month-long meditation for the return and blessings of Satguru Ram Singh ji. This religious practice was started during Satguru Partap Singh ji's time and continues till day. It invests the entire Namdhari sangat with a special spiritual energy and purpose.

Disciples observe jap paryag voluntarily with great reverence and enthusiasm. It demands rigorous self-discipline. One has to wake up as early as one o'clock in the morning, take a head-to toe bath and sit for long hours of meditation. Those who perform jap parvog meditate on the naam for eight hours, preferably in the gurdwara. The rest of the day is spent in reading the Gurbani and performing sera.

Due to Patshaji's efforts, Namdharis residing all over the world, young and old, took to performing jap paryog. Even professionals like engineers, lawyers and doctors living in India and abroad undertake this spiritual practice and reap rich harvest in terms of peace and prosperity.

to be continued.....

Sri Satguru Jagjit Singh Ji Elibrary NamdhariElibrary@gmail.com

ਕਾਵਿ-ਕਿਆਰੀ

ਕੁਹਾਯਾ ਕਿਨ

ਦੇਸ਼ ਨੂੰ ਬਚਾਯਾ, ਪਾਪ ਰਾਜ ਨੂੰ ਹਟਾਯਾ ਅਤੇ, ਰੁੜ੍ਹੀ ਜਾਂਦੀ ਹਿੰਦ ਤਾਂਈਂ ਧੀਰਜ ਬਨਾਯਾ ਕਿਨ ?
ਮੋਯਾਂ ਨੂੰ ਜਿਵਾਯਾ, ਸ਼ੇਰ ਗਿਦੜੋਂ ਬਣਾਯਾ, ਨਾਲ ਜ਼ਾਲਮਾਂ ਲੜਾ ਕੇ ਝੰਡਾ ਧਰਮ ਦਾ ਝੁਲਾਯਾ ਕਿਨ ?
ਖਾਲਸਾ ਸਜਾਯਾ, ਦੀਨ ਦੁਖੀ ਨੂੰ ਛੁਡਾਯਾ, ਰਾਜ-ਯੋਗ ਸਿਖਲਾਯਾ ਤੇ ਆਨੰਦ ਏ ਦਿਖਾਯਾ ਕਿਨ ?
ਸ੍ਰੀ ਦਸ਼ਮੇਸ਼ ਬਿਨ, ਦੇਸ਼ ਹਿਤ ਦੱਸੋ ਕੋਈ, ਅਖੀਆਂ ਦੇ ਸਾਹਵੇਂ ਸੱਕੇ ਪੁੱਤਾਂ ਨੂੰ ਕੁਹਾਯਾ ਕਿਨ?

ਧਨੀ ਰਾਮ ਚਾਤ੍ਰਿਕ

ਸਿਜਦਾ

ਮਾਤਾ ਪਿਤਾ ਚਾਰੇ ਪੁੱਤ ਵਾਰ ਕੇ ਧਰਮ ਲਈ ਕੀਤਾ ਸੀ ਸ਼ੁਕਰ ਸਿਜਦਾ ਹੈ ਮਹਾਂ ਬੀਰ ਨੂੰ।
ਫੁੱਲਾਂ ਜਿਹੇ ਬਾਲ ਅੱਖਾਂ ਸਾਹਮਣੇ ਸ਼ਹੀਦ ਹੋਏ ਅੱਥਰੂ ਨਾ ਕੇਰੇ ਹੱਥ ਪਾਇਆ ਸ਼ਮਸ਼ੀਰ ਨੂੰ।
ਪੁੱਤਾਂ ਦਾ ਜ਼ਿਕਰ ਸੁਣ ਕੀਤਾ ਨਾ ਫਿਕਰ ਉੱਕਾ ਹਿੱਕ ਨਾਲ ਲਾ ਲਿਆ ਸੀ ਬਾਜਾਂ ਵਾਲੇ ਤੀਰ ਨੂੰ।
ਜੀਵਨ ਗੁਲਾਮੀ ਤੋਂ ਸੱਥਰ ਮਨਜੂਰ ਕੀਤਾ ਨਮਨ ਹਜ਼ਾਰ ਮਾਛੀਵਾੜੇ ਦੇ ਫ਼ਕੀਰ ਨੂੰ।
ਬਣੀਆਂ ਕਹਾਣੀਆਂ ਹਜ਼ਾਰਾਂ ਕੁਰਬਾਨੀ ਦੀਆਂ ਕੌਣ ਛੋਟਾ ਕਰੇ ਉਹਦੀ ਖਿੱਚੀ ਹੋਈ ਲਕੀਰ ਨੂੰ।
ਅਣਖਾਂ ਦੀ ਗੁੜਤੀ ਦੇ ਜੀਣ ਦੀ ਸਿਖਾਈ ਜਾਚ, ਅਮ੍ਰਿਤ ਕੀਤਾ ਸਤਲੁਜ ਵਾਲੇ ਨੀਰ ਨੂੰ।
ਤਪਦੀਆਂ ਲੂਆਂ ਵਿੱਚ ਆਪਾ ਝੁਲਸਾ ਉਹਨੇ ਸਾਡੇ ਲਈ ਪੈਦਾ ਕੀਤਾ ਰੁਮਕਦੀ ਸਮੀਰ ਨੂੰ।
ਤੁਰਨਾ ਕਬੂਲਿਆ ਅਣਖ ਲਈ ਕੰਡਿਆਂ ਤੇ 'ਬਾਜਵਾ' ਸਲਾਮ ਸੌ ਸੌ ਉੱਚ ਵਾਲੇ ਪੀਰ ਨੂੰ।

ਲਖਵਿੰਦਰ ਸਿੰਘ ਬਾਜਵਾ

ਪੋਹ ਸੁਦੀ ਸੱਤਮੀ ਦੀ ਵਧਾਈ

ਵਾਹ ਵਾਹ ! ਪਟਨੇ ਤੇ ਕਿੰਵ ,
ਅਜ ਨੂਰ ਭਾਰਾ ਆ ਗਿਐ।
ਤੇਜ ਸੂਰਜ ਤੋਂ ਕੋਈ,
ਚਾਨਣ ਮੁਨਾਰਾ ਆ ਗਿਐ।
ਹਾਸਿਆਂ, ਖ਼ੁਸ਼ੀਆਂ ਦਾ ਹੜ੍ਹ,
ਕਿਥੋਂ ਇਹ ਸਾਰਾ ਆ ਗਿਐ।
ਹਾਂ ! ਸਮਝ ਆ ਗਈ ਮੇਰਾ,
ਦਸਮੇਸ਼ ਪਿਆਰਾ ਆ ਗਿਐ।
ਵਰ੍ਹੇ ਪਿਛੋਂ ਆਸ ਫਿਰ ਅਜ,
ਵਾਰ ਹੈ ਆਈ 'ਸ਼ੌਕ' ਦੀ।
ਸਾਰੀ ਸੰਗਤ ਮਾਈ ਭਾਈ,
ਨੂੰ ਵਧਾਈ 'ਸ਼ੌਕ' ਦੀ।

ਗੁਰਬਖਸ਼ ਸਿੰਘ ਸ਼ੌਕ

ਅਵਤਾਰ ਸ੍ਰੀ ਗੁਰ ਗੋਬਿੰਦ ਸਿੰਘ ਜੀ

ਆਦਮ ਦੇ ਲੀਏ ਅੱਲਾ ਅਵਤਾਰ ਬਨ ਕੇ ਆਇਆ।
ਗੁਜਰੀ ਦੀ ਗੋਦ ਅੰਦਰ ਹੈ ਪਿਆਰ ਬਨ ਕੇ ਆਇਆ।
ਹਿੰਦੂ ਵਾ ਸਿੱਖ ਈਸਾਈ। ਸਭ ਕੋ ਹੈ ਲਾਖ ਬਧਾਈ।
ਸਰਦਾਰ ਹੈ ਦੋ ਆਲਮ ਸਰਦਾਰ ਬਨ ਕੇ ਆਇਆ।
ਆਦਮ ਕੇ ਲੀਏ.....

ਸਰ ਕੋ ਝੁਕਾਓ ਜਲਦੀ। ਸਜਦੇ ਮੇਂ ਆਓ ਜਲਦੀ।
ਕਰਤਾਰ ਕੀ ਕਸਮ ਹੈ ਕਰਤਾਰ ਬਨ ਕੇ ਆਇਆ।
ਆਦਮ ਕੇ ਲੀਏ.....

ਹਿੰਦੂ ਵਾ ਸਿੱਖ ਈਸਾਈ ਪੰਡਿਤ ਵਾ ਮੁੱਲਾਂ ਭਾਈ
ਚਾਰੋਂ ਮਜ਼ਹਬੋਂ ਕਾ 'ਬਾਲਮ' ਗਮਖਾਰ ਬਨ ਕੇ ਆਇਆ।
ਆਦਮ ਕੇ ਲੀਏ.....

ਸੰਤ ਕਰਮ ਸਿੰਘ ਬਾਲਮ

Sri Satguru Jagjit Singh Ji Elibrary NamdhariElibrary@gmail.com

ਇਹ ਰਚਨਾ 'ਹਕੀਮ ਮਿਰਜ਼ਾ ਯੋਗੀ ਅੱਲ੍ਹਾ ਯਾਰ ਖ਼ਾਂ' ਦੀ ਲਿਖੀ ਹੋਈ ਹੈ। 'ਸ਼ਹੀਦਾਨ-ਇ-ਵਫ਼ਾ' ਵਿਚ ਛੋਟੇ ਸਾਹਬਿਜ਼ਾਦਿਆਂ ਦੀ ਸ਼ਹਾਦਤ ਦਾ ਵਰਣਨ ਹੈ। ਇਹ ਰਚਨਾ 1915 ਈਸਵੀ ਦੇ ਆਸ ਪਾਸ ਲਾਹੌਰ ਵਿਚ ਛਪੀ ਸੀ। ਇਸ ਰਚਨਾ ਵਿਚ ਛੋਟੇ ਸਾਹਿਬਜ਼ਾਦਿਆਂ ਦੀ ਆਪਣੇ ਧਰਮ ਅਤੇ ਸਿਦਕ ਵਿਚ ਰਹਿ ਕੇ ਦਿੱਤੀ ਬੇਮਿਸਾਲ ਕੁਰਬਾਨੀ ਕੁਰਬਾਨੀ ਦੀ ਗਾਥਾ ਹੈ। ਇਸ ਦੇ ਕੁਲ 110 ਕਾਵਿ ਖੰਡ ਹਨ।

ਸ਼ਹੀਦ-ਇ-ਵਫ਼ਾ

ਕਵੀ- ਹਕੀਮ ਮਿਰਜ਼ਾ ਯੋਗੀ ਅੱਲਾ ਯਾਰ ਖ਼ਾਂ

ਜਿਸ ਦਮ ਅਨੰਦਪੁਰ ਮੇਂ ਸਤਿਗੁਰ ਮੁਕੀਮ ਥੇ।
ਹਮਗਾਹ ਘਰ ਕੇ ਲੋਗ ਥੇ ਔਰ ਕੁਛ ਨਦੀਮ ਥੇ।
ਚਾਰੋਂ ਤਰਫ਼ ਸੇ ਕਿਲੇ ਕੋ ਘੇਰੇ ਗ਼ਨੀਮ ਥੇ।
ਟੋਟੇ ਸੇ ਰਿਜ਼ਕ ਕੇ ਦਿਲ-ਏ-ਸਿੰਘਾਂ ਦੋ-ਨੀਮ ਥੇ।
ਪਯਾਸੇ ਥੇ ਔਰ ਭੂਖ ਕੀ ਸ਼ਿੱਦਤ ਕਮਾਲ ਥੀ।
ਥੀ ਮੁਖ਼ਤਸਰ ਸੀ ਫ਼ੌਜ ਸੋ ਵੁਹ ਭੀ ਨਿਢਾਲ ਥੀ।

ਸਤਿਗੁਰ ਅਬ ਆਨ ਪਹੁੰਚੇ ਥੇ ਸਿਰਸਾ ਨਦੀ ਕੇ ਪਾਸ।
ਥੇ ਚਾਹਤੇ ਬੁਝਾਏਂ ਬਾਰਹ ਪਹਰ ਕੀ ਪਯਾਸ।
ਇਸ਼ਨਾਨ ਕਰਕੇ ਔਰ ਬਦਲ ਕੇ ਨਯਾ ਲਿਬਾਸ।
ਵਾਹਿਗੁਰੂ ਕਾ ਨਾਮ ਜਪੇਂ ਔਰ ਕਰੇਂ ਸਪਾਸ।
ਜਪੁਜੀ ਕਾ ਜਾਪ ਇਸ ਘੜੀ ਕਰਨਾ ਜ਼ਰੂਰ ਥਾ।
ਪੜ੍ਹ ਕੇ ਗੁਰੂ ਗਰੰਥ ਔਰ ਬੜ੍ਹਾਨਾ ਸੁਰੂਰ ਥਾ।

ਥਾ ਸਰ ਪਿ ਵਕਤ ਆ ਗਯਾ ਆਸਾ ਕੀ ਵਾਰ ਕਾ।
ਸਾਜ਼ੋਂ ਕੀ ਜ਼ੇਰ-ਓ-ਬਮ ਕਾ, ਚੜ੍ਹਾਓ ਉਤਾਰ ਕਾ।
ਮਨਸ਼ਾ ਥਾ ਕਲ਼ਗੀਧਰ ਕੇ ਦਿਲ-ਏ-ਬੇਕਰਾਰ ਕਾ।
ਮੌਕਾ ਮਿਲੇ ਤੋ ਕਰ ਲੇਂ ਭਜਨ ਕਿਰਦਗਾਰ ਕਾ।
ਜਬ ਮਹਿਵ-ਏ-ਬੰਦਗੀ ਹੁਏ ਨਾਨਕ ਕੇ ਜਾਨਸ਼ੀਨ।
ਆ ਟੂਟੇ ਖ਼ਾਲਸਾ ਪਿ ਅਚਾਨਕ ਕਈ ਲਈਨ।

ਬਦਬਖ਼ਤੋਂ ਨੇ ਜੋ ਵਅਦਾ ਕੀਯਾ ਥਾ ਬਿਸਰ ਗਏ।
ਨਾਮਰਦ ਕੌਲ ਕਰਕੇ ਜ਼ੁਬਾਂ ਸੇ ਮੁਕਰ ਗਏ।
ਗੋਬਿੰਦ ਸਿੰਘ ਕੇ ਸ਼ੇਰ ਭੀ ਫ਼ੌਰਨ ਬਿਫਰ ਗਏ।
ਤਲਵਾਰੇਂ ਸੂਤ ਸੂਤ ਕੇ ਰਨ ਮੇਂ ਉਤਰ ਗਏ।
ਮੈਦਾਂ ਕੋ ਏਕ ਆਨ ਮੇਂ ਚੌਰੰਗ ਕਰ ਦੀਯਾ।
ਰੁਸਤਮ ਭੀ ਆਯਾ ਸਾਮਨੇ ਤੋ ਦੰਗ ਕਰ ਦੀਯਾ।

ਵੁਹ ਦੇਖੋ ਰਨ ਮੇਂ ਤੇਗ਼ ਬਹਾਦੁਰ ਕਾ ਲਾਲ ਹੈ।
ਵੁਹ ਦੇਖੋ ਰਨ ਮੇਂ ਸਰਵਰ-ਏ-ਫ਼ੌਜ-ਏ-ਅਕਾਲ ਹੈ।
ਤਲਵਾਰ ਦਸਤ-ਏ-ਰਾਸਤ ਮੇਂ ਹੈ, ਚਪ ਮੇਂ ਢਾਲ ਹੈ।
ਸੂਰਜ ਕੇ ਸਰ ਪਿ ਬਦਰ ਭੀ ਹੈ ਔਰ ਹਿਲਾਲ ਹੈ।
ਸ਼ਮਸ਼ੀਰ ਜਬ ਹਿਲਾਈ ਤੋ ਬਿਜਲੀ ਚਮਕ ਗਈ।
ਦਹਿਸ਼ਤ ਸੇ ਸਾਰੀ ਫ਼ੌਜ ਉਦੂ ਕੀ ਦਬਕ ਗਈ।

ਸਤਿਗੁਰੂ ਨੇ ਰਾਜਪੂਤੋਂ ਕੇ ਛੱਕੇ ਛੁੜਾ ਦੀਏ।
ਮੁਗ਼ਲੋਂ ਕੇ ਵਲਵਲੇ ਭੀ ਜੋ ਥੇ ਸਬ ਮਿਟਾ ਦੀਏ।
ਦੁਸ਼ਮਨ ਕੋ ਅਪਨੀ ਤੇਗ਼ ਕੇ ਜੌਹਰ ਦਿਖਾ ਦੀਏ।
ਕੁਸ਼ਤੋਂ ਕੇ ਏਕ ਆਨ ਮੇਂ ਪੁਸ਼ਤੇ ਲਗਾ ਦੀਏ।
ਰਾਜਾ ਜੋ ਚੜ੍ਹ ਕੇ ਆਯੇ ਥੇ ਬਾਹਰ ਪਹਾੜ ਸੇ।
ਪਛਤਾ ਰਹੇ ਥੇ ਜੀ ਮੇਂ ਗੁਰੂ ਕੀ ਲਤਾੜ ਸੇ।

ਤਾਰੀਖ਼ ਮੇਂ ਲਿਖਾ ਹੈ ਕਿ ਦਰ-ਜੋਸ਼-ਏ-ਕਾਰਜ਼ਾਰ।
ਸਤਿਗੁਰ ਬੜ੍ਹਾਤੇ ਹੀ ਗਏ ਆਗੇ ਕੋ ਰਾਹਵਾਰ।
ਹਮਰਾਹ ਰਹ ਗਏ ਥੇ ਗ਼ਰਜ਼ ਚੰਦ ਜਾਂ-ਨਿਸਾਰ।
ਫ਼ਰਜ਼ੰਦੋਂ ਮੇਂ ਥੇ ਸਾਥ ਅਜੀਤ ਔਰ ਥੇ ਜੁਝਾਰ।
ਜ਼ੋਰਾਵਰ ਔਰ ਫ਼ਤਹ ਜੋ ਦਾਦੀ ਕੇ ਸਾਥ ਥੇ।
ਦਾਯੇਂ ਕੀ ਜਗਹ ਚਲ ਦੀਯੇ ਵੁਹ ਬਾਯੇਂ ਹਾਥ ਥੇ।

ਹਮ ਨੇ ਭੀ ਇਸ ਮਕਾਮ ਪਿ ਜਾਨਾ ਹੈ ਜਲਦ ਤਰ।
ਜਿਸ ਜਗਹ ਤੁਮ ਕੋ ਅਪਨੇ ਕਟਾਨੇ ਪੜੇਂਗੇ ਸਰ।
ਹੋਂਗੇ ਸ਼ਹੀਦ ਲੜ ਕੇ ਯਿਹ ਬਾਕੀ ਕੇ ਦੋ ਪਿਸਰ।
ਰਹ ਜਾਊਂਗਾ ਅਕੇਲਾ ਮੈਂ ਕਲ ਤਕ ਲੁਟਾ ਕੇ ਘਰ।
ਪਹਲੇ ਪਿਤਾ ਕਟਾਯਾ ਅਬ ਬੇਟੇ ਕਟਾਊਂਗਾ।
ਨਾਨਕ ਕਾ ਬਾਗ਼ ਖ਼ੂਨ-ਏ-ਜਿਗਰ ਸੇ ਖਿਲਾਊਂਗਾ।

Sri Satguru Jagjit Singh Ji Elibrary NamdhariElibrary@gmail.com

ਦਾਦੀ ਸੇ ਬੋਲੇ ਅਪਨੇ ਸਿਪਾਹੀ ਕਿਧਰ ਗਏ।
ਦਰਿਯਾ ਪਿ ਹਮ ਕੋ ਛੋੜ ਕੇ ਰਾਹੀ ਕਿਧਰ ਗਏ।
ਤੜਪਾ ਕੇ ਹਾਇ ਸੂਰਤ-ਏ-ਮਾਹੀ ਕਿਧਰ ਗਏ।
ਅੱਬਾ ਭਗਾ ਕੇ ਲਸ਼ਕਰ-ਏ-ਸ਼ਾਹੀ ਕਿਧਰ ਗਏ।
ਭਾਈ ਭੀ ਹਮ ਕੋ ਭੂਲ ਗਏ ਸ਼ੌਕ-ਏ-ਜੰਗ ਮੇਂ।
ਅਪਨਾ ਖ਼ਯਾਲ ਤਕ ਨਹੀਂ ਜ਼ੌਕ-ਏ-ਤੁਫ਼ੰਗ ਮੇਂ।

ਜਬ ਰਨ ਅਜੀਤ ਜੀਤ ਕੇ ਤਸ਼ਰੀਫ਼ ਲਾਏਂਗੇ।
ਅੱਬਾ ਕੇ ਸਾਥ ਜਿਸ ਘੜੀ ਜੁਝਾਰ ਆਏਂਗੇ।
ਕਰਕੇ ਗਿਲਾ ਹਰ ਏਕ ਸੇ ਹਮ ਰੂਠ ਜਾਏਂਗੇ।
ਮਾਤਾ ਕਭੀ, ਪਿਤਾ ਕਭੀ ਭਾਈ ਮਨਾਏਂਗੇ।
ਹਮੇ ਗਲੇ ਲਗਾ ਕੇ ਕਹੇਂਗੇ ਵੁਹ ਬਾਰ ਬਾਰ।
ਮਾਨ ਜਾਓ ਲੇਕਿਨ ਹਮ ਨਹੀਂ ਮਾਨੇਂਗੇ ਜ਼ੀਨਹਾਰ।

ਇਕਰਾਰ ਲੇਂਗੇ ਸਬ ਸੇ ਭੁਲਾਨਾ ਨਾ ਫਿਰ ਕਭੀ।
ਬਾਰ-ਏ-ਦਿਗਰ ਬਿਛੜ ਕੇ ਸਤਾਨਾ ਨਾ ਫਿਰ ਕਭੀ।
ਹਮ ਕੋ ਅਕੇਲੇ ਛੋੜ ਕੇ ਜਾਨਾ ਨਾ ਫਿਰ ਕਭੀ।
ਕਹ ਦੇਤੇ ਹੈਂ ਯੋਂ ਹਮ ਕੋ ਰੁਲਾਨਾ ਨਾ ਫਿਰ ਕਭੀ।
ਬੱਚੋਂ ਕੀ ਗੁਫ਼ਤਗੂ ਜੋ ਸੁਨੀ ਦਾਦੀ ਜਾਨ ਨੇ।
ਬੇਇਖ਼ਤਿਯਾਰ ਰੋ ਦੀਯਾ ਇਸ ਵਾਲਾ-ਸ਼ਾਨ ਨੇ।

"ਜਾਨੇ ਸੇ ਪਹਲੇ ਆਓ ਗਲੇ ਸੇ ਲਗਾ ਤੋ ਲੂੰ।
ਕੇਸੋਂ ਕੋ ਕੰਘੀ ਕਰ ਦੂੰ ਜ਼ਰਾ ਮੂੰਹ ਧੁਲਾ ਤੋ ਲੂੰ।
ਪਯਾਰੇ ਸਰੋਂ ਪੇ ਨਨ੍ਹੀ ਸੀ ਕਲਗ਼ੀ ਸਜਾ ਤੋ ਲੂੰ।
ਮਰਨੇ ਸੇ ਪਹਲੇ ਤੁਮ ਕੋ ਮੈਂ ਦੂਲ੍ਹਾ ਬਨਾ ਤੋ ਲੂੰ।"
ਰੋ ਰੋ ਕੇ ਮਾਤ ਗੁਜਰੀ ਨੇ ਆਰਾਸਤਾ ਕੀਯਾ।
ਤੀਰ-ਓ-ਕਮਾਂ ਸੇ, ਤੇਗ਼ ਸੇ ਪੈਰਾਸਤਾ ਕੀਯਾ।

ਬੀ ਪਯਾਰੀ ਸੂਰਤੋਂ ਸੇ ਸ਼ੁਜਾਅਤ ਬਰਸ ਰਹੀ।
ਨਨ੍ਹੀ ਸੀ ਸੂਰਤੋਂ ਸੇ ਥੀ ਜ਼ੁਰਅਤ ਬਰਸ ਰਹੀ।
ਰੁਖ਼ ਪਰ ਨਵਾਬ ਕੇ ਥੀ ਸ਼ਕਾਵਤ ਬਰਸ ਰਹੀ।
ਰਾਜੋਂ ਕੇ ਮੂੰਹ ਪਿ ਸਾਫ਼ ਥੀ ਲਾਨਤ ਬਰਸ ਰਹੀ।
ਬੱਚੋਂ ਕਾ ਰੁਅਬ ਛਾ ਗਯਾ ਹਰ ਇਕ ਮੁਸ਼ੀਰ ਪਰ।
ਲਰਜ਼ਾ ਸਾ ਪੜ ਗਯਾ ਥਾ ਅਮੀਰ-ਓ-ਵਜ਼ੀਰ ਪਰ।

ਨਾਜ਼ਿਮ ਕੀ ਬਾਤ ਬਾਤ ਪੇ ਰੁਕਨੇ ਲਗੀ ਜ਼ੁਬਾਂ।
ਖ਼ੁਦ ਕੋ ਸੰਭਾਲ ਕਰ ਕੇ ਵੁਹ ਕਹਨੇ ਲਗਾ ਕਿ ਹਾਂ।
ਖ਼ਾਹਾਂ ਹੋ ਮੌਤ ਕਿ ਯਾ ਤੁਮ੍ਹੇਂ ਚਾਹੀਯੇ ਅਮਾਂ।
ਬਤਲਾਓ ਸਾਫ਼ ਸਾਫ਼ ਅਬ ਐ ਆਲੀ-ਖ਼ਾਨਦਾਂ।
ਇਸ ਦਮ ਕਰੋ ਕਬੂਲ ਅਗਰ ਸ਼ਾਹ ਕੇ ਦੀਨ ਕੋ।
ਫ਼ਿਰ ਆਸਮਾਂ ਬਨਾ ਦੂੰ ਤੁਮ੍ਹਾਰੀ ਜ਼ਮੀਨ ਕੋ।

ਸਤਿਗੁਰ ਕੇ ਲਾਡਲੋਂ ਨੇ ਦੀਯਾ ਰੁਅਬ ਸੇ ਜਵਾਬ।
ਆਤੀ ਨਹੀਂ ਸ਼ਰਮ ਹੈ ਜ਼ਰਾ ਤੁਝ ਕੋ ਐ ਨਵਾਬ।
ਦੁਨੀਯਾ ਕੇ ਪੀਛੇ ਕਰਤਾ ਹੈ ਕਯੋਂ ਦੀਨ ਕੋ ਖ਼ਰਾਬ।
ਕਿਸ ਜਾ ਲਿਖਾ ਹੈ ਜ਼ੁਲਮ, ਦਿਖਾ ਤੋ ਹਮੇਂ ਕਿਤਾਬ।
ਤਾਲੀਮ ਜ਼ੋਰ ਕੀ ਕਹੀਂ ਕੁਰਆਨ ਮੇਂ ਨਹੀਂ।
ਖ਼ੂਬੀ ਤੁਮ੍ਹਾਰੇ ਸ਼ਾਹ ਕੇ ਈਮਾਨ ਮੇਂ ਨਹੀਂ।

ਪੜ੍ਹ ਕੇ ਕੁਰਾਨ ਬਾਪ ਕੋ ਕਰਤਾ ਜੋ ਕੈਦ ਹੋ।
ਮਰਨਾ ਪਿਤਾ ਕਾ ਜਿਸ ਕੋ ਖ਼ੁਸ਼ੀ ਕੀ ਨਵੈਦ ਹੋ।
ਕਤਲ-ਏ-ਬਰਾਦਰਾ ਜਿਸੇ ਮਾਮੂਲੀ ਸੈਦ ਹੋ।
ਨੇਕੀ ਕੀ ਇਸ ਸੇ ਖ਼ਲਕ ਕੋ ਫ਼ਿਰ ਕਯਾ ਉਮੈਦ ਹੋ।
ਗ਼ੈਰੋਂ ਪਿ ਫ਼ਿਰ ਵੁਹ ਜ਼ੋਰ ਕਰੇ ਯਾ ਜ਼ਫਾ ਕਰੇ।
ਹਮ ਕਯਾ ਕਹੇਂ ਕਿਸੀ ਕੋ ਹਿਦਾਯਤ ਖ਼ੁਦਾ ਕਰੇ।

ਹਮ ਜਾਨ ਦੇ ਕੇ ਔਰੋਂ ਕੀ ਜਾਨੇਂ ਬਚਾ ਚਲੇ।
ਸਿੱਖੀ ਕੀ ਨੀਂਵ ਹਮ ਹੈਂ ਸਰੋਂ ਪਰ ਉਠਾ ਚਲੇ।
ਗੁਰਿਆਈ ਕਾ ਹੈਂ ਕਿੱਸਾ ਜਹਾਂ ਮੇਂ ਬਨਾ ਚਲੇ।
ਸਿੰਘੋਂ ਕੀ ਸਲਤਨਤ ਕਾ ਹੈਂ ਪੌਦਾ ਲਗਾ ਚਲੇ।
ਗੱਦੀ ਸੇ ਤਾਜ-ਓ-ਤਖ਼ਤ ਬਸ ਅਬ ਕੌਮ ਪਾਏਗੀ।
ਦੁਨੀਯਾ ਸੇ ਜ਼ਾਲਿਮੋਂ ਕਾ ਨਿਸ਼ਾਂ ਤਕ ਮਿਟਾਏਗੀ।।

ਠੋਡੀ ਤਕ ਈਂਟੇਂ ਚੁਨ ਦੀ ਗਈਂ ਮੂੰਹ ਤਕ ਆ ਗਈਂ।
ਬੀਨੀ ਕੋ ਢਾਂਪਤੇ ਹੀ ਵੁਹ ਆਂਖੇਂ ਪਿ ਛਾ ਗਈਂ।
ਹਰ ਚਾਂਦ ਸੀ ਜਬੀਨ ਕੋ ਘਨ ਸਾ ਲਗਾ ਗਈਂ।
ਲਖ਼ਤ-ਏ-ਜਿਗਰ ਗੁਰੂ ਕੇ ਵੁਹ ਦੋਨੋਂ ਛੁਪਾ ਗਈਂ।
ਜੋਗੀ ਜੀ ਇਸ ਕੇ ਬਾਦ ਹੁਈ ਥੋੜੀ ਦੇਰ ਥੀ।
ਬਸਤੀ ਸਰਹਿੰਦ ਸ਼ਹਰ ਕੀ ਈਂਟੋਂ ਕਾ ਢੇਰ ਥੀ।

- -

Sri Satguru Jagjit Singh Ji Elibrary NamdhariElibrary@gmail.com

ਅੜਬੰਗੀ (ਨਾਵਲ)

-ਸੰਤ ਇੰਦਰ ਸਿੰਘ ਚੱਕ੍ਰਵਰਤੀ

"ਇਸ ਘਟਨਾ ਦਾ ਜੇਹਲੋਂ ਬਾਹਰ ਪਤਾ ਨਾ ਲੱਗੇ, ਨਹੀਂ ਤਾਂ ਪਾਪਾ ਮੈਨੂੰ ਨਾਰਾਜ਼ ਹੋਣਗੇ, ਫਿਰ ਉਨ੍ਹਾਂ ਮੈਨੂੰ ਕਦੀ ਵੀ ਇੱਧਰ ਨਹੀਂ" ਆਉਣ ਦੇਣਾ। ਜ਼ਰਾ ਮਿਹਰਬਾਨੀ ਕਰ ਕੇ ਡਾਕਟਰ ਨੂੰ ਵੀ ਆਖ ਦੇਣਾ। ਜੇ ਪਾਪਾ ਨੂੰ ਪਤਾ ਲੱਗ ਗਿਆ, ਤਦ ਸੱਜਣ ਨੂੰ ਤਾਂ ਜੋ ਆਖਣਗੇ, ਆਖਣਗੇ ਹੀ, ਪਰ ਪਤਾ ਨਹੀਂ ਮੈਨੂੰ ਵੀ ਕੀ ਸਜ਼ਾ ਦੇਣ।"

"ਠੀਕ ਹੈ।"

"ਸੱਜਣ ਨੂੰ ਇਸ ਦੀ ਕੋਈ ਵੀ ਸਜ਼ਾ ਨਾ ਦਿੱਤੀ ਜਾਏ।"

"ਜੇ ਉਹ ਕੋਈ ਫਿਰ ਬੇਵਕੂਫੀ ਕਰੇ।"

"ਇਸ ਦਾ ਜ਼ੁੰਮੇਵਾਰ ਮੈਂ ਹਾਂ।" ਅੜਬੰਗੀ ਨੇ ਕਿਹਾ।

"ਇਸ ਦੀ ਜ਼ੁੰਮੇਵਾਰ ਮੈਂ ਹਾਂ।" ਨਾਲ ਹੀ ਸੋਫੀਆ ਬੋਲੀ। "ਮਨਜ਼ੂਰ ਹੈ।" ਮੈਂ ਕਿਹਾ।

"ਜ਼ਰਾ ਉਸ ਨੂੰ ਇੱਥੇ ਤਾਂ ਮੰਗਾਉ।" ਅੜਬੰਗੀ ਨੇ ਕਿਹਾ।

"ਕਿਉਂ?" ਮੈਂ ਹੈਰਾਨ ਹੋ ਕੇ ਪੁੱਛਿਆ।

"ਮੈਂ ਉਸ ਨੂੰ ਭੈਣ ਸੋਫੀਆ ਤੋਂ ਮਾਫੀ ਲੈ ਕੇ ਦੇਣੀ ਹੈ।"

ਮੈਂ ਚੁਪ ਕਰ ਰਿਹਾ, ਪਰ ਸੋਫੀ ਨੇ ਮੈਨੂੰ ਆਪ ਵੀ ਕਿਹਾ, "ਠੀਕ ਹੈ, ਉਸ ਨੂੰ ਇਥੇ ਸੱਦੋ।"

ਮੈਂ ਸੱਜਣ ਨੂੰ ਉਥੇ, ਜਿਥੇ ਜੇਹਲ ਦੇ ਵਿਹੜੇ ਵਿਚ ਰੁੱਖ ਹੇਠ ਅਸੀਂ ਸਾਰੇ ਖਲੋਤੇ ਸਾਂ, ਸੱਦ ਲਿਆ। ਉਹ ਬਹੁਤ ਉਦਾਸ ਤੇ ਨਿਰਾਸ ਸੀ। ਨਿਮੋਝੂਣਾ ਜਿਹਾ ਅੱਖ ਨਹੀਂ ਸੀ ਉਤਾਂਹ ਚੁੱਕਦਾ। ਜਾਪਦਾ ਸੀ ਕਿ ਅੱਜ ਦੇ ਕੰਮ ਤੇ ਉਹ ਆਪ ਵੀ ਖੁਸ਼ ਨਹੀਂ ਸੀ, ਪਰ ਜੋਸ਼ ਤੇ ਬੇਵਕੂਫੀ ਨਾਲ ਕਰ ਬੈਠਾ ਸੀ। ਉਸ ਨੂੰ ਸੰਬੋਧਨ ਕਰ ਕੇ ਅੜਬੰਗੀ ਨੇ ਕਿਹਾ:

"ਵੇਖ ਸੱਜਣ ਸਿੰਘ ! ਸਾਨੂੰ ਨਹੀਂ ਪਤਾ ਕਿ ਅੱਗੇ ਤੂੰ ਕੁੱਝ ਕੀਤਾ ਹੈ ਜਾਂ ਨਹੀਂ, ਪਰ ਅੱਜ ਦੀ ਤੇਰੀ ਇਸ ਕਮੀਨੀ ਹਰਕਤ ਨੂੰ ਅਸੀਂ ਸਭਨਾਂ ਨੇ ਅੱਖੀਂ ਡਿੱਠਾ ਹੈ, ਜਿਸ ਦਾ ਤੂੰ ਸਜ਼ਾਵਾਰ ਹੈਂ। ਜੇ ਹੋਰ ਸਭੋ ਕੁਝ ਛੱਡ ਛਡਾ ਕੇ ਤੇਰੇ ਉਪਰ ਕੇਵਲ ਅੱਜ ਦਾ ਹੀ ਕੇਸ ਕੀਤਾ ਜਾਵੇ, ਤਦ ਵੀ ਤੂੰ ਫਾਂਸੀ ਜਾਂ ਉਮਰ ਕੈਦ ਤੋਂ ਬਚ ਨਹੀਂ ਸਕਦਾ। ਪਰ ਮੇਰੀ ਚੰਗੀ ਭੈਣ ਸੋਫੀਆ, ਜੋ ਬੜੀ ਹੀ ਰਹਿਮ-ਦਿਲ ਤੇ ਨੇਕ ਕੁੜੀ ਹੈ, ਤੋਂ ਜੇ ਤੂੰ ਸੱਚੇ ਦਿਲੋਂ ਇਸ ਕੀਤੇ ਅਪਰਾਧ ਦੀ ਮਾਫ਼ੀ ਮੰਗੇਂ, ਤਦ ਨਾ ਕੇਵਲ ਤੈਨੂੰ ਇਹ ਮਾਫ਼ ਹੀ ਕਰ ਦੇਵੇਗੀ, ਸਗੋਂ ਸਾਹਿਬ ਨੂੰ ਕਹਿ ਕੇ ਤੇਰੀ ਰਿਹਾਈ ਦਾ ਯਤਨ ਵੀ ਕਰੇਗੀ।"

ਇਹ ਸੁਣ ਕੇ ਸੱਜਣ ਸਿੰਘ ਦਾ ਚਿਹਰਾ ਇਕ ਵਾਰ ਬੁੱਝ ਰਹੇ ਦੀਵੇ ਵਾਂਗ ਫਿਰ ਟਿਮਟਿਮਾ ਉਠਿਆ। ਉਸ ਦੇ ਮੂੰਹ ਤੇ ਖੁਸ਼ੀ ਦੀ ਲਾਲੀ ਦੌੜ ਗਈ। ਉਹ ਫੁਰਤੀ ਨਾਲ ਸੋਫੀ ਦੇ ਪੈਰਾਂ ਤੇ ਜਾ ਡਿੱਗਾ। ਉਹ ਰੋਂਦਾ ਸੀ ਨਾਲੇ ਕਹਿ ਰਿਹਾ ਸੀ:

"ਮੇਰੀ ਬੀਬੀ ਭੈਣ, ਮੈਨੂੰ ਮਾਫ਼ ਕਰ ਦੇ।"

"ਮਾਫੀ ਮੰਗਣੀ ਏ ਤਦ ਇਨ੍ਹਾਂ ਭਰਾ ਭਗਵਾਨ ਸਿੰਘ ਹੋਰਾਂ ਕੋਲੋਂ ਮੰਗ, ਜਿਨ੍ਹਾਂ ਤੇਰੀ ਤੇ ਮੇਰੀ ਜਾਨ, ਆਪਣੀ ਜਾਨ ਮੁਸ਼ਕਲ ਵਿਚ ਪਾ ਕੇ ਬਚਾਈ ਐ। ਆ, ਅਸੀਂ ਦੋਵੇਂ ਰਲ ਕੇ ਇਨ੍ਹਾਂ ਤੋਂ ਮਾਫੀ ਮੰਗੀਏ।"

ਇਹ ਆਖ ਕੇ ਸੋਫ਼ੀ ਨੇ ਸੱਜਣ ਦਾ ਹੱਥ ਫੜ ਕੇ ਉਸ ਨੂੰ ਅੜਬੰਗੀ ਵੱਲ ਕਰ ਦਿੱਤਾ। ਇਹ ਨਜ਼ਾਰਾ ਸੱਚ-ਮੁੱਚ ਹੀ ਇਸ ਨਰਕ ਰੂਪ ਜਿਹਲ ਵਿਚ, ਸੁਰਗ ਦਾ ਨਜ਼ਾਰਾ ਸੀ। ਜਿਸ ਨੂੰ ਤੱਕ ਕੇ ਸਾਰੇ ਕੈਦੀਆਂ ਦੀਆਂ ਅੱਖਾਂ ਵਿਚ ਅੱਥਰੂ ਭਰ ਆਏ ਸਨ। ਮੈਂ ਉਸ ਦਿਨ ਦਾ ਨਜ਼ਾਰਾ ਵੇਖ ਕੇ ਦਿਲ ਵਿਚ ਆਖ ਰਿਹਾ ਸੀ ਕਿ - ਸਾਡੇ ਇਸ ਇਨਸਾਫ਼ ਦੇ ਡਰਾਮੇ ਨਾਲੋਂ ਜੇ ਗੁਨਾਹ ਦੀ ਇੰਜ ਤਲਾਫੀ ਕਰ ਦਿੱਤੀ ਜਾਏ ਤਦ ਦੁਨੀਆਂ ਉਤੋਂ ਜੁਰਮ ਦਾ ਨਾਉਂ ਹੀ ਉੱਡ ਜਾਏ।

ਸੋਫੀ ਤੇ ਸੱਜਣ ਦੋਵੇਂ ਅੜਬੰਗੀ ਅੱਗੇ ਹੱਥ ਜੋੜੀ ਖਲੋਤੇ ਸਨ, ਸੱਜਣ ਨੇ ਨੱਸ ਕੇ ਅੜਬੰਗੀ ਦੇ ਪੈਰਾਂ ਉਤੇ ਆਪਣਾ ਸਿਰ ਰੱਖ ਦਿੱਤਾ। ਸੋਫੀ ਪਿਆਰ ਨਾਲ ਉਸ ਦੇ ਨਾਲ ਲਗ ਕੇ ਜਾ ਖਲੋਤੀ। ਅੜਬੰਗੀ ਨੇ ਸੋਫੀ ਦੇ ਸਿਰ ਤੇ ਹੱਥ ਫੇਰਿਆ ਅਤੇ ਸੱਜਣ ਨੂੰ ਚੁੱਕ ਕੇ ਜੱਫੀ ਵਿਚ ਲੈ ਲਿਆ। ਪਤਾ ਨਹੀਂ ਉਸ ਵੇਲੇ ਹਵਾ ਦਾ ਬੁੱਲਾ ਕਿਥੋਂ ਆ ਗਿਆ, ਜਿਸ

Sri Satguru Jagjit Singh Ji Elibrary NamdhariElibrary@gmail.com

ਅੰਬ ਦੇ ਰੁੱਖ ਨੂੰ ਹਲੂਣਾ ਦੇ ਕੇ ਉਹਨਾਂ ਉੱਤੇ ਖੁਸ਼ਬੂਦਾਰ ਅੰਬ ਦੇ ਬੂਰ ਦੀ ਬਾਰਸ਼ ਕਰ ਦਿੱਤੀ। ਅੰਬ ਦੀ ਟੀਸੀ ਉੱਤੇ ਬੈਠੀ ਕੋਇਲ ਮਸਤੀ ਵਿਚ ਭਰ ਕੇ ਗਾ ਉੱਠੀ, ਕੁਹੂ ਕੂ, ਕੁਹੂ ਕੁ, ਕੂਅ! ਕੂਅ!! ਕੂਆ!!

ਜਿਹਲ ਦੇ ਬਹੁਤ ਸਾਰੇ ਕੈਦੀ ਜੋ ਇਸ ਦ੍ਰਿਸ਼ ਨੂੰ ਵੇਖ ਰਹੇ ਸਨ। ਇਕ ਸੁਰ ਨਾਲ ਬੋਲ ਉਠੇ,

"ਸੰਤ ਭਗਵਾਨ ਸਿੰਘ ਅੜਬੰਗੀ ਦੀ ਜੈ"

" ਮਿਸ ਸੋਫੀਆ ਦੀ ਜੈ ।"

੬

ਮੈਂ ਇਸ ਸਾਰੀ ਕਾਰਵਾਈ ਨੂੰ ਹੈਰਾਨੀ ਨਾਲ ਤੱਕਦਾ ਪਿਆ ਸਾਂ ਅਤੇ ਇੰਞ ਖਲੋਤਾ ਹੋਇਆ ਸਾਂ ਜਿਵੇਂ ਕਿਸੇ ਮੰਤਰ ਕਰ ਕੇ, ਜਾਂ ਮੈਸਮਰੇਜ਼ਮ ਦੇ ਬਲ ਨਾਲ ਖੜਾ ਕਰ ਛੱਡਿਆ ਹੋਵਾਂ।

"ਤੁਸੀਂ ਹੁਣ ਜਾਓ ਸੋਫੀਆ ਭੈਣ ਜੀ!" ਅੜਬੰਗੀ ਨੇ ਕਿਹਾ।

"ਬਹੁਤ ਅੱਛਾ ਭਰਾ ਜੀ! ਮੈਂ ਜਾਂਦੀ ਪਈ ਆਂ ਪਰ ਇਕ ਗੱਲ ਦਾ ਇਕਰਾਰ ਲੈਣਾ ਚਾਹੁੰਦੀ ਹਾਂ।"

"ਹੁਕਮ ਕਰੋ।"

ਇਥੋਂ ਜਾਣ ਲੱਗਿਆਂ ਮੈਨੂੰ ਮਿਲੇ ਬਿਨਾ ਨਾ ਜਾਣਾ।"

ਅੜਬੰਗੀ "ਫ਼ਾਂਸੀ ਚੜ੍ਹਣ ਵੇਲੇ ।"

"ਨਹੀਂ ਬਰੀ ਹੋ ਕੇ"

"ਵਾਹ! ਉਹ ਕਿਵੇਂ?"

"ਉਹ ਇਉਂ।" ਸੋਫੀ ਨੇ ਅੜਬੰਗੀ ਦੇ ਕੰਨ ਵਿਚ ਕੋਈ ਖਾਸ ਗੱਲ ਦਸਦਿਆਂ ਕਿਹਾ।

"ਇਸ ਹਮਦਰਦੀ ਦਾ ਬਹੁਤ ਧੰਨਵਾਦ, ਸੋਫੀਆ ਭੈਣ! ਭਾਵੇਂ ਸਾਨੂੰ ਇਸ ਭੇਦ ਦਾ ਪਹਿਲਾਂ ਹੀ ਪਤਾ ਹੈ, ਅਤੇ ਕੱਲ੍ਹ ਮੈਨੂੰ ਮਿਲਣ ਆਏ ਮਹੰਤ ਸੇਵਾ ਸਿੰਘ ਤੇ ਨਰੈਣ ਸਿੰਘ ਜੀ ਦੱਸ ਗਏ ਸਨ, ਪਰ ਫਿਰ ਵੀ ਤੁਹਾਡੀ ਹਮਦਰਦੀ ਨੂੰ ਅੱਖੋਂ ਪਰੇ ਨਹੀਂ ਕੀਤਾ ਜਾ ਸਕਦਾ। ਤੁਸੀਂ ਮੰਮੀ ਵਾਂਗ ਆਪਣਾ ਪਿਆਰ ਤੇ ਹਮਦਰਦੀ ਦਾ ਫ਼ਰਜ ਅਦਾ ਕਰਦਿਆਂ, ਜਾਂਦੇ ਜਾਂਦੇ ਫਿਰ ਸਾਡੇ ਸਿਰ ਅਹਿਸਾਨ ਚੜ੍ਹਾ ਚੱਲੇ ਜੇ।"

"ਇਹ ਗੱਲ ਜਦ ਤੁਸੀਂ ਸੈਸ਼ਨ ਨੂੰ ਆਖੋਗੇ, ਉਹ ਝਟ ਤੁਹਾਨੂੰ ਬਰੀ ਕਰ ਦਏਗਾ ?"

"ਮੈਂ ਤੁਹਾਡੀ ਇਸ ਹਮਦਰਦੀ ਦਾ ਬਹੁਤ ਬਹੁਤ ਸ਼ੁਕਰ ਗੁਜਾਰ ਹਾਂ ਸੋਫੀ ਭੈਣ ਜੀ, ਜਿਸ ਦਾ ਤੁਸੀਂ ਏਡਾ ਖ਼ਿਆਲ ਰੱਖਦੇ ਪਏ ਹੋ। ਮੇਰੇ ਯੋਗ ਜੋ ਵੀ ਸੇਵਾ ਹੋਵੇ, ਮੈਂ ਆਪਣੀ ਭੈਣ ਦੇ ਕੰਮ ਆਉਣ ਦੀ ਬਹੁਤ ਹੀ ਖੁਸ਼ੀ ਮਹਿਸੂਸ ਕਰਾਂਗਾ।"

"ਬਹੁਤ ਬਹੁਤ ਧੰਨਵਾਦ।"

"ਡਿਠਾ ਜੇ ਨਾ ਸੋਫੀ ਭੈਣ ਜੀ ਮੇਰਾ ਰਖਵਾਲਾ! ਮਾਰਨ ਵਾਲੇ ਨਾਲੋਂ ਜਬਰਦਸਤ ਹੈ ਕਿ ਨਹੀਂ।"

"ਸੱਚ ਹੈ, ਭਰਾ ਜੀ! ਜਿਸ ਨੂੰ ਰੱਬ-ਰੱਖੇ ਉਸ ਨੂੰ ਕੌਣ ਮਾਰੇ।"

"ਜਾਂਦੀ ਜਾਂਦੀ ਤੂੰ ਮੇਰੇ ਸਿਰ ਇਕ ਅਹਿਸਾਨ ਦਾ ਕਰਜ਼ ਹੋਰ ਚੜ੍ਹਾ ਚੱਲੀ। ਜਿਸ ਤੋਂ ਸ਼ਰਧਾ ਨਾਲ ਮੇਰਾ ਸਿਰ ਝੁਕ ਜਾਂਦਾ ਹੈ। ਰੱਬ ਤੈਨੂੰ ਇਸ ਦਾ ਬਦਲਾ ਦੇਵੇ।"

"ਤੁਹਾਡੇ ਕੀਤੇ ਅਹਿਸਾਨ ਅੱਗੇ ਇਹ ਕੋਈ ਵੀ ਚੀਜ਼ ਨਹੀਂ। "ਚੰਗਾ, ਸੋਫੀ! ਭੈਣ ਜੀ, ਸਤਿ ਸ੍ਰੀ ਅਕਾਲ"

"ਚੰਗਾ, ਭਰਾ ਜੀ ਸਤਿ ਸ੍ਰੀ ਅਕਾਲ"

ਇਹ ਆਖ ਸੋਫੀ ਖੁਸ਼ੀ-ਖੁਸ਼ੀ ਮੇਰੇ ਨਾਲ ਤੁਰ ਆਈ। ਅੱਜ ਉਹ ਬੜੇ ਚੰਗੇ ਮੂਡ ਵਿਚ ਸੀ। ਮੇਰੇ ਨਾਲ ਹੀ ਉਸ ਚਾਹ ਪੀਤੀ।

ਜੋ ਮੈਂ ਆਖਦਾ ਸੀ। ਉਹ 'ਹਾਂ' ਵਿਚ ਜਵਾਬ ਦੇਂਦੀ। ਅੱਜ ਮੈਂ ਉਸ ਦੇ ਰਸੀਲੇ ਬੁੱਲ੍ਹਾਂ ਤੋਂ ਬਾਰ ਬਾਰ ਮਿੱਠੀਆਂ ਗੱਲਾਂ ਸੁਣ ਰਿਹਾ ਸਾਂ। ਬਹੁਤ ਚਿਰ ਮੇਰੇ ਨਾਲ ਬਿਤਾ ਕੇ ਉਹ ਮੇਰੀ ਬੱਘੀ ਤੇ ਚੜ੍ਹ ਕੇ ਜਾਂਦੀ ਹੋਈ ਆਖ ਗਈ:

"ਸਵੇਰੇ ਸੱਜਣ ਦੀ ਰਿਹਾਈ ਦਾ ਹੁਕਮ ਭਿਜਵਾ ਦਿਆਂਗੀ।"

" ਵੇਖਣਾ ਅੜਬੰਗੀ ਭਰਾ ਜੀ ਨੂੰ ਕੋਈ ਤਕਲੀਫ਼ ਨਾ ਹੋਵੇ। ਉਨ੍ਹਾਂ ਦੇ ਜ਼ਖ਼ਮ ਦਾ ਖਾਸ ਖਿਆਲ ਰੱਖਣਾ।"

" ਥੈਂਕਯੂ!"

"ਬਹੁਤ ਅੱਛਾ! ਆਪ ਬੇ ਫਿਕਰ ਰਹੋ।"

ਚਲਦਾ.....

Sri Satguru Jagjit Singh Ji Elibrary NamdhariElibrary@gmail.com

ਖ਼ਬਰਨਾਮਾ

ਅੱਠਵਾਂ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ

9 ਨਵੰਬਰ 2019– ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਦਾ ਸ਼ੁਭ ਆਰੰਭ ਨਾਮਧਾਰੀ ਕਲਾ ਕੇਂਦਰ (ਸ੍ਰੀ ਭੈਣੀ ਸਾਹਿਬ) ਦੀਆਂ ਬੱਚੀਆਂ ਨੇ ਕੀਤਾ ਜੋ ਸਿਤਾਰ ਸਿੱਖਿਆ ਪ੍ਰਾਪਤ ਕਰ ਰਹੀਆਂ ਹਨ: ਸੰਦੀਪ ਕੌਰ, ਰਤਨਾ ਮਾਲਵੀਆ, ਰਤਨ ਕੌਰ ਅਤੇ ਰਣਜੀਤ ਕੌਰ ਚਾਰਾਂ ਬੱਚੀਆਂ ਨੇ ਰਾਗ ਯਮਨ ਵਿੱਚ ਅਲਾਪ, ਜੋੜ ਅਤੇ ਝਾਲਾ ਪੇਸ਼ ਕੀਤਾ। ਸਿਤਾਰ ਦੇ ਮਧੁਰ ਅਲਾਪ ਨੇ ਸਮੁੱਚਾ ਵਾਤਾਵਰਣ ਸੰਗੀਤਕ ਰੰਗ ਵਿੱਚ ਰੰਗ ਦਿੱਤਾ। ਤਬਲੇ ਤੇ ਸੰਗਤ ਕਾਕਾ ਰਤਨ ਸਿੰਘ ਨੇ ਕੀਤੀ।

ਅੱਜ ਦੇ ਪ੍ਰਮੁੱਖ ਕਲਾਕਾਰ ਪੰ:ਉਮਾਂਕਾਂਤ ਗੁੰਦੇਚਾ ਜੀ, ਪੰ:ਅਖਿਲੇਸ਼ ਜੀ ਅਤੇ ਪੰ:ਅਨੰਤ ਰਮਾਂਕਾਂਤ ਜੀ ਦੇ ਮੰਚ ਤੇ ਹਾਜ਼ਰ ਹੋਣ ਤੇ ਸ੍ਰੋਤਿਆਂ ਨੇ ਤਾੜੀਆਂ ਨਾਲ ਸਵਾਗਤ ਕੀਤਾ। ਮੰਚ ਸੰਚਾਲਕ ਸੇਵਕ ਹਰਪਾਲ ਸਿੰਘ ਨੇ ਦੱਸਿਆ ਕਿ ਗੁੰਦੇਚਾ ਬੰਧੂ ਧਰੁਪਦ ਗਾਇਕੀ ਦੇ ਸ਼ੋਮਣੀ ਕਲਾਕਾਰ ਹਨ। ਗੁੰਦੇਚਾ ਬੰਧੂਆਂ ਨੂੰ ਪਦਮ ਸ੍ਰੀ ਅਤੇ ਸੰਗੀਤ ਨਾਟਕ ਅਕੈਡਮੀ ਤੋਂ ਬਿਨਾਂ ਬਹੁਤ ਸਾਰੇ ਮਾਣ-ਸਨਮਾਨ ਪ੍ਰਾਪਤ ਹੋ ਚੁੱਕੇ ਹਨ। ਆਪ ਨੇ ਉਚੇਚਾ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਮਾਰਗ ਦਰਸ਼ਨ ਲੈ ਕੇ ਗੁਰਬਾਣੀ ਦੇ ਧਰੁਪਦ ਅੰਗ ਦੇ ਸ਼ਬਦਾਂ ਦਾ ਵੀ ਕਈ ਪ੍ਰੋਗਰਾਮਾਂ ਵਿੱਚ ਗਾਇਨ ਕੀਤਾ। ਇਸ ਤੋਂ ਪਹਿਲੋਂ ਵੀ 2003 ਦੇ ਕਰੀਬ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਨਮੁਖ ਵੀ ਸ੍ਰੀ ਗੁੰਦੇਚਾ ਨੇ ਇੱਥੇ ਗਾਉਣਾ ਸੀ ਪਰ ਅਚਾਨਕ 8 ਨਵੰਬਰ ਨੂੰ ਦਿਲ ਦਾ ਦੌਰਾ ਪੈਣ ਕਾਰਨ ਸਵਰਗਵਾਸ ਹੋ ਗਏ। ਉਨ੍ਹਾਂ ਦੀ ਸਿਮਰਤੀ ਵਿੱਚ ਦੋ ਮਿੰਟ ਦਾ ਮੋਨ ਰੱਖ ਕੇ ਸ਼ਰਧਾਂਜਲੀ ਅਰਪਤ ਕੀਤੀ। ਸ੍ਰੀ ਸਤਿਗੁਰੂ ਜੀ ਅਤੇ ਪ੍ਰਮੁੱਖ ਕਲਾਕਾਰਾਂ ਨੇ ਦੀਪ ਪ੍ਰਜਵਲਿੱਤ ਕਰਨ ਦੀ ਰਸਮ ਅਦਾ ਕੀਤੀ।

ਪੰ:ਰਮਾਂਕਾਂਤ ਗੁੰਦੇਚਾ ਜੀ ਦੇ ਸਪੁੱਤਰ ਪੰ:ਅਨੰਤ ਰਮਾਂਕਾਂਤ ਗੁੰਦੇਚਾ ਨੇ ਆਪਣੇ ਤਾਇਆ ਪੰ: ਉਮਾਂਕਾਂਤ ਗੁੰਦੇਚਾ ਜੀ ਨਾਲ ਧਰੁਪਦ ਗਾਇਕੀ ਦੁਆਰਾ ਸ੍ਰੋਤਿਆਂ ਨੂੰ ਮੰਤ੍ਰ ਮੁਗਧ ਕਰ ਦਿੱਤਾ। ਪਖਾਵਜ਼ (ਮ੍ਰਿਦੰਗ) ਤੇ ਸੰਗਤ ਪੰ:ਅਖਿਲੇਸ਼ ਗੁੰਦੇਚਾ ਜੀ ਨੇ ਕੀਤੀ। ਰਾਗ ਬਗੇਸ਼੍ਰੀ ਨਾਲ ਆਰੰਭ ਕਰਕੇ, ਬੰਦਿਸ਼ਾਂ ਦੀ ਪੇਸ਼ਕਾਰੀ ਕੀਤੀ। ਰਾਗ ਹੰਸਧਵਨੀ, ਇੱਕ ਤਾਲ ਵਿੱਚ 'ਸਾਧੋ ਮਨ ਕਾ ਮਾਨੁ ਤਿਆਗਉ।' ਬਹੁਤ ਭਗਤੀ ਭਾਵ ਨਾਲ ਗਾਇਆ। ਅੰਤ ਵਿੱਚ ਰਾਗ ਚਾਰੂਕੇਸ਼ੀ ਪੇਸ਼ ਕੀਤਾ।

ਅੱਜ ਦੇ ਸੰਗੀਤ ਸੰਮੇਲਨ ਦੀ ਦੂਸਰੀ ਪ੍ਰਮੁੱਖ ਪੇਸ਼ਕਾਰੀ ਸੀ- ਤਾਲ ਵਾਦਕ ਕਚਿਹਰੀ। ਕਰਨਾਟਕ ਦੇ ਦੱਖਣੀ ਭਾਰਤ ਸੰਗੀਤ ਪੱਧਤੀ ਦੇ ਪ੍ਰਸਿੱਧ ਕਲਾਕਾਰ ਵਿਦਵਾਨ ਗਿਰੀਧਰ ਉਡੁਪਾ ਜੀ ਦਾ ਘਟਮ ਵਾਦਨ, ਉਭਰਦੇ ਕਲਾਕਾਰ ਵਿਦਵਾਨ ਅਨੰਥਾ ਕ੍ਰਿਸ਼ਨਨ ਜੀ ਦਾ ਮ੍ਰਿਦੰਗਮ ਅਤੇ ਪੰ: ਸ਼ੁਭਾਂਕਰ ਬੈਨਰਜੀ ਦਾ ਤਬਲਾ ਵਾਦਨ, ਹਰਮੋਨੀਅਮ ਤੇ ਸਾਥ ਪੰ:ਅਜੇ ਜੋਗਲੇਕਰ ਜੀ ਨੇ ਦਿੱਤਾ। ਘਟਮ, ਮ੍ਰਿਦੰਗਮ ਅਤੇ ਤਬਲੇ ਦੀ ਸ੍ਰੋਤਿਆਂ ਲਈ ਬੜੀ ਰੌਚਕ ਅਤੇ ਵਿਲੱਖਣ ਪੇਸ਼ਕਾਰੀ ਸੀ।

ਸੰਗੀਤ ਪ੍ਰੇਮੀਆਂ ਨਾਲ ਭਰਪੂਰ ਪ੍ਰਤਾਪ ਮੰਦਰ ਦੇ ਹਾਲ ਵਿੱਚ ਨਾਮਧਾਰੀ ਸੰਗਤ ਤੋਂ ਬਿਨਾਂ ਜਲੰਧਰ, ਲੁਧਿਆਣਾ, ਚੰਡੀਗੜ੍ਹ ਆਦਿ ਸ਼ਹਿਰਾਂ ਤੋਂ ਵੱਡੀ ਗਿਣਤੀ ਵਿੱਚ ਸੰਗੀਤ ਪ੍ਰੇਮੀ ਵੀ ਹਾਜ਼ਰ ਸਨ। ਹਰ ਸਾਲ ਦੀ ਤਰ੍ਹਾਂ ਇੰਗਲੈਂਡ ਤੋਂ ਵੀ ਨਾਮਧਾਰੀ ਸੰਗੀਤਕਾਰ ਉਚੇਚੇ ਤੌਰ ਤੇ ਪੁੱਜੇ ਸਨ।

ਮਿਤੀ 10 ਨਵੰਬਰ 2019, ਨੂੰ 99ਵਾਂ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਆਪਣੇ ਦੂਸਰੇ ਚਰਣ ਵਿਚ ਪਹੁੰਚਿਆ, ਇਸ ਦੌਰਾਨ ਪ੍ਰੋਗਰਾਮ ਦੀ ਸ਼ੁਰੂਆਤ ਕਾਕਾ ਹਰਨਾਮ ਸਿੰਘ ਸੁਪੱਤਰ ਰਾਗੀ ਹਰਪ੍ਰੀਤ ਸਿੰਘ "ਸੋਨੂੰ" ਨੇ ਤਬਲਾ ਵਾਦਨ ਦੁਆਰਾ ਕੀਤੀ, ਕਾਕਾ ਹਰਨਾਮ ਸਿੰਘ ਨਾਲ ਨਗਮੇ ਤੇ ਸ੍ਰੀ ਵਿਨਾਯਕ ਸਹਾਏ ਨੇ ਸਾਰੰਗੀ ਤੇ ਸਾਥ ਦਿੱਤਾ।ਹਰਨਾਮ ਸਿੰਘ ਦੀ ਕੜੀ ਮੇਹਨਤ ਅਤੇ ਤਬਲੇ ਪ੍ਰਤੀ ਲਗਨ ਨੇ ਦਰਸ਼ਕਾਂ ਦਾ ਮਨ ਮੋਹ ਲਿਆ, ਅਤੇ ਸਤਿਗੁਰੂ ਜੀ ਨੇ ਹਰਨਾਮ ਸਿੰਘ ਨੂੰ ਆਪਣੇ ਕਰ ਕੰਵਲਾਂ ਦੁਆਰਾ ਆਸ਼ੀਰਵਾਦ ਦਿੱਤਾ।

ਇਸ ਤੋਂ ਬਾਅਦ ਸੰਗੀਤ ਜਗਤ ਦੇ ਮਹਾਨ ਸੰਤੂਰ ਵਾਦਕ ਪੰ.ਸ਼ਿਵ ਕੁਮਾਰ ਸ਼ਰਮਾ ਜੀ ਦੇ ਸਪੁੱਤਰ ਪੰ.ਰਾਹੁਲ ਸ਼ਰਮਾ ਜੀ ਨੇ ਸੰਤੂਰ ਵਾਦਨ ਵਿਚ ਆਪਣੀ ਪੇਸ਼ਕਾਰੀ ਦਿਤੀ, ਆਪ ਜੀ ਨਾਲ ਤਬਲੇ ਤੇ ਸਨ, ਪੰ. ਰਾਮ ਕੁਮਾਰ ਮਿਸ਼ਰਾ ਜੀ। ਰਾਹੁਲ ਸ਼ਰਮਾ ਦੀ ਅਲੌਕਿਕ ਪੇਸ਼ਕਾਰੀ ਬਹੁਤ ਹੀ ਸਕੂਨਮਈ ਸੀ, ਪੰ. ਰਾਮ ਕੁਮਾਰ ਮਿਸ਼ਰਾ ਜੀ ਦਾ ਬਨਾਰਸੀ ਬਾਜ ਦਰਸ਼ਕਾਂ ਦੇ ਮਨਾਂ ਉੱਤੇ ਇਕ ਅਮਿੱਟ ਛਾਪ ਛੱਡ ਗਿਆ, ਆਲਾਪ ਤੋਂ ਲੈ ਕਿ ਬੰਦਿਸ਼ਾਂ ਤੱਕ ਸੰਤੂਰ ਵਾਦਨ ਨੇ ਸਮਾਂ ਬੰਨ ਕੇ ਰਖ ਦਿੱਤਾ। ਪੇਸ਼ਕਾਰੀ ਤੋਂ ਬਾਅਦ ਦੋਵਾਂ ਕਲਾਕਾਰਾਂ ਨੇ ਸਤਿਗੁਰੂ ਜੀ ਪਾਸੋਂ ਅਸ਼ੀਰਵਾਦ ਪ੍ਰਾਪਤ ਕੀਤਾ।

Sri Satguru Jagjit Singh Ji Elibrary NamdhariElibrary@gmail.com

ਆਖੀਰ ਵਿਚ ਵਿਸ਼ਵ ਵਿਖਿਆਤ ਉਸਤਾਦ ਰਾਸ਼ਿਦ ਖਾਂ ਸਾਹਿਬ ਨੇ ਰਾਗ ਮਧੂ ਰੰਜਿਨੀ ਵਿਚ ਆਪਣੇ ਗਾਇਨ ਦੀ ਸ਼ੁਰੂਆਤ ਕੀਤੀ, ਆਪ ਜੀ ਨਾਲ ਤਬਲੇ ਤੇ ਸਾਥ ਦੇ ਰਹੇ ਸਨ ਪੰ. ਸ਼ੁਬਾਂਕਰ ਬੈਨਰਜੀ, ਸਾਰੰਗੀ ਤੇ ਉਸਤਾਦ ਮੁਰਾਦ ਅਲੀ ਖਾਂ, ਹਾਰਮੋਨੀਅਮ ਤੇ ਪੰ ਵਿਨਯ ਮਿਸ਼ਰਾ, ਅਤੇ ਆਪ ਜੀ ਨਾਲ ਗਾਇਨ ਵਿਚ ਸਹਿਯੋਗ ਦੇ ਰਹੇ ਸਨ ਆਪ ਜੀ ਦੇ ਸਪੁੱਤਰ ਸ੍ਰੀ ਅਰਮਾਨ ਅਲੀ ਜੀ, ਅਤੇ ਸਤੀਸ਼ ਕੌਸ਼ਿਕ ਜੀ ਜੋ ਖੁਦ ਬਹੁਤ ਸੁਰੀਲੇ ਗਾਇਕ ਹਨ ਅਤੇ ਆਈ.ਏ.ਐਸ ਅਫਸਰ ਵੀ ਹਨ।

ਉਸਤਾਦ ਰਾਸ਼ਿਦ ਖਾਂ ਦੀ ਆਵਾਜ਼ ਦਾ ਜਾਦੂ ਦਰਸ਼ਕਾਂ ਦੇ ਸਿਰ ਚੜ ਕਿ ਬੋਲਿਆ, ਰਾਗ ਮਾਲਕੌਂਸ ਦੀ ਬੰਦਿਸ਼ "ਆਜ ਮੋਰੇ ਘਰ ਆਏ ਰੇ ਬਲਮਾ" ਨੇ ਸਰੋਤਿਆਂ ਦੀ ਰੂਹ ਨੂੰ ਛੂਹ ਲਿਆ ਅਤੇ ਸਭ ਪਾਸੇ "ਵਾਹ ਉਸਤਾਦ ਵਾਹ" ਹੋਣ ਲੱਗ ਪਈ, ਖਾਂ ਸਾਹਿਬ ਦੀ ਗਾਇਕੀ ਵਿਚ ਇਕ ਠਹਿਰਾਵ ਸੀ ਇਕ ਕਸ਼ਿਸ਼ ਸੀ ਜੋ ਦਰਸ਼ਕਾਂ ਨੂੰ ਮੰਤਰ ਮੁਗਧ ਕਰ ਗਈ।ਪੂਰਾ ਪ੍ਰਤਾਪ ਮੰਦਰ ਇਕ ਅਲੌਕਿਕ ਰੰਗ ਵਿਚ ਰੰਗਿਆ ਗਿਆ, ਅੰਤ ਵਿਚ ਇਕ ਵਿਰਾਗ ਮਈ ਬੰਦਿਸ਼ "ਜਬ ਸੇ ਪਿਆ ਪਰਦੇਸ.." ਦਾ ਗਾਇਨ ਕਰਕੇ, ਖਾਂ ਸਾਹਿਬ ਨੇ ਆਪਣੇ ਗਾਇਨ ਦੀ ਸਮਾਪਤੀ ਕੀਤੀ, ਸਤਿਗੁਰੂ ਜੀ ਨੇ ਆਪਣੇ ਕਰ ਕੰਵਲਾਂ ਦੁਆਰਾ ਸਾਰੇ ਕਲਾਕਾਰਾਂ ਦਾ ਸਨਮਾਨ ਕੀਤਾ, ਅਤੇ ਇਸ ਦੌਰਾਨ ਇਕ ਯਾਦਗਾਰੀ ਤਸਵੀਰ ਵੀ ਖਿਚਾਈ ਗਈ।

ਭਾਰਤ ਵਿਕਾਸ ਪ੍ਰੀਸ਼ਦ ਨੇ 550 ਸਾਲਾ ਪ੍ਰਕਾਸ਼ ਨੂੰ ਸਮਰਪਿਤ ਵਾਤਾਵਰਣ ਸ਼ੁੱਧਤਾ ਇਜਲਾਸ ਕਰਵਾਇਆ

ਲੁਧਿਆਣਾ, 24 ਨਵੰਬਰ (ਜ. ਬ.)ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਾਤਾਵਰਣ ਦੀ ਸ਼ੁੱਧਤਾ ਲਈ ਇਜਲਾਸ ਕਰਵਾਇਆ ਗਿਆ, ਜਿਸ 'ਚ ਉੱਤਰੀ ਭਾਰਤ ਦੇ ਵੱਖ-ਵੱਖ ਇਲਾਕਿਆਂ ਲੇਹ, ਲਦਾਖ, ਚੰਡੀਗੜ੍ਹ ਜੰਮੂ-ਕਸ਼ਮੀਰ , ਹਿਮਾਚਲ ਪ੍ਰਦੇਸ਼, ਪੰਜਾਬ, ਹਰਿਆਣਾ ਅਤੇ ਦਿੱਲੀ ਤੋਂ 4000 ਦੇ ਕਰੀਬ ਪ੍ਰਤੀਨਿਧੀਆਂ ਨੇ ਹਿੱਸਾ ਲਿਆ।

ਪ੍ਰੋਗਰਾਮ 'ਚ ਵੱਖ-ਵੱਖ ਬੁਲਾਰਿਆਂ ਨੇ ਵਾਤਾਵਰਣ ਨੂੰ ਜੀਵਨ ਜਿਉਣ ਲਈ ਸੁਰੱਖਿਅਤ ਮਾਪਦੰਡਾਂ ਵਿਚ ਰੱਖਣ ਲਈ ਅਤੇ ਉੱਤਰੀ ਖੇਤਰ 'ਚ ਸਮੱਸਿਆ ਬਣ ਚੁੱਕੇ ਪ੍ਰਦੂਸ਼ਣ ਮੁਕਤੀ ਪਾਉਣ ਲਈ ਹਰਿਆਵਲ ਵਿਸ਼ੇ 'ਤੇ ਚਰਚਾ ਕੀਤੀ ਅਤੇ ਪ੍ਰੀਸ਼ਦ ਮੈਂਬਰਾਂ ਨੂੰ ਬੂਟੇ ਵੰਡੇ ਗਏ । ਉਨ੍ਹਾਂ ਦੱਸਿਆ ਕਿ ਰਾਸ਼ਟਰੀ ਪੱਧਰ ਤੋਂ ਮਾਣਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪਲਾਸਟਿਕ ਮੁਕਤ ਭਾਰਤ ਤੋਂ ਪ੍ਰੇਰਣਾ ਲੈਂਦੇ ਹੋਏ ਸਾਨੂੰ ਡਿਸਪੋਜ਼ਲ ਪਲਾਸਟਿਕ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਇਜਲਾਸ ਵਿਚ ਮੁੱਖ ਮਹਿਮਾਨ ਵਜੋਂ ਪੁੱਜੇ ਸਤਿਗੁਰੂ ਉਦੇ ਸਿੰਘ ਜੀ ਨੇ ਆਖਿਆ ਕਿ ਬੜੀ ਚੰਗੀ ਗੱਲ ਹੈ ਕਿ ਪ੍ਰੀਸ਼ਦ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ ਹੈ। ਮੰਚ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਗੱਲ ਵੀ ਕੀਤੀ ਗਈ। ਗੁਰੂ ਜੀ ਨੇ ਜਿਸ ਭਾਰਤ ਦੀ ਰਚਨਾ ਲਈ ਸ਼ਹਾਦਤ ਦਿੱਤੀ, ਉਸ ਤੇ ਸਭ ਨੂੰ ਪਹਿਰਾ ਦੇਣ ਦੀ ਲੋੜ ਹੈ। ਸਾਰੇ ਧਰਮ ਸਾਨੂੰ ਆਪਸ ਵਿਚ ਮਿਲ ਕੇ ਬੈਠਣ ਦਾ ਸੰਦੇਸ਼ ਦਿੰਦੇ ਹਨ। ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਦੀ ਇਸ ਪਵਿੱਤਰ ਧਰਤੀ ਤੋਂ 1857 ਈ. ਨੂੰ ਅੰਗਰੇਜ਼ ਹਕੂਮਤ ਵਿਰੁੱਧ ਆਵਾਜ਼ ਬੁਲੰਦ ਕੀਤੀ ਸੀ। ਸਤਿਗੁਰੂ ਜੀ ਨੇ ਸਭ ਦਾ ਧੰਨਵਾਦ ਕੀਤਾ।

ਕੇਂਦਰੀ ਰਾਜ ਉਦਯੋਗ ਮੰਤਰੀ ਸੈਮ ਪ੍ਰਕਾਸ਼ ਨੇ ਭਾਰਤ ਵਿਕਾਸ ਪ੍ਰੀਸ਼ਦ ਦੇ ਸਮਾਜ ਸੇਵਾ ਦੇ ਕਾਰਜਾਂ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਪ੍ਰੀਸ਼ਦ ਵੱਲੋਂ ਚਲਾਏ ਗਏ ਅਨੇਕਾਂ ਸੇਵਾ ਕੇਂਦਰਾਂ ਵਿਖੇ ਲੋੜਵੰਦਾਂ ਦੀ ਮਦਦ ਕੀਤੀ ਜਾ ਰਹੀ ਹੈ। ਪ੍ਰੀਸ਼ਦ ਦੇ ਰਾਸ਼ਟਰੀ ਮਹਾਮੰਤਰੀ ਅਜੋਦੱਤਾ, ਮੀਤ ਪ੍ਰਧਾਨ ਸੁਰਿੰਦਰ ਵਧਵਾ ਅਤੇ ਸੰਗਠਨ ਮੰਤਰੀ ਸੁਰੇਸ਼ ਜੈਨ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

ਇਸ ਮੌਕੇ ਵਿਨੇ ਆਈ. ਆਰ. ਐੱਸ ਡਾ. ਰੁਪਿੰਦਰ ਦੱਤ, ਡਾ. ਅਸ਼ੋਕ ਭਾਟੀਆ, ਰੋਹਿਤ ਮਹਿਰਾ, ਯਸ਼ਪਾਲ ਗੁਪਤਾ, ਵਿਨੀਤ ਗਰਗ, ਡਾ, ਅਵਿਨਾਸ਼ ਸ਼ਰਮਾ, ਚੰਦਰਸੈਨ ਜੈਨ ਅਤੇ ਡਾ. ਅਸ਼ੋਕ ਗਰਗ ਨੇ ਆਪਣੇ ਵਿਚਾਰ ਰੱਖੇ।ਇਸ ਦੌਰਾਨ ਡਾ. ਅਨਿਲ ਕਾਲੀਆ, ਡਾ. ਰਾਜੇਸ਼ ਮਨਨ, ਵਿਪਨ ਗਿਰਾ, ਨੀਲਮ ਗੁਪਤਾ,ਅਰੁਣਾ ਪੁਰੀ, ਗੋਪਾਲ ਕ੍ਰਿਸ਼ਨ, ਸਰਵੇਸ਼ ਸ਼ਰਮਾ,ਰਾਜਕੁਮਾਰ ਚੌਧਰੀ , ਦਵਿੰਦਰ ਬਜਾਜ, ਨਰਿੰਦਰ ਮਿੱਤਲ, ਪਵਨ ਅਗਰਵਾਲ, ਸੁਧੀਰ ਜੈਨ, ਸੁਮਨ ਗੁਪਤਾ, ਭੁਪਿੰਦਰ ਭੱਲਾ, ਭੁਵਨੇਸ਼ ਗੋਇਲ, ਰਮੇਸ਼ ਸ਼ਰਮਾ, ਅਨੁਪਮਾ ਰਾਵਤ, ਰਜਿੰਦਰ ਰਿਸ਼ੀ, ਸੁਰਿੰਦਰ ਸ਼ਰਮਾ, ਸੇਵਕ ਰਛਪਾਲ ਸਿੰਘ ਅਤੇ ਸ ਸਕੱਤਰ ਲਖਵੀਰ ਬੱਦੋਵਾਲ ਵੀ ਹਾਜ਼ਰ ਸਨ।

ਜਗਬਾਣੀ ਅਖ਼ਬਾਰ'ਚੋਂ

Sri Satguru Jagjit Singh Ji Elibrary NamdhariElibrary@gmail.com

ਸੂਬਾ ਗਿਆਨੀ ਰਤਨ ਸਿੰਘ ਜੀ ਤੇ ਸੰਤ ਰਤਨ ਸਿੰਘ ਜੀ ਦੀ ਯਾਦ ਵਿਚ ਸਲਾਨਾ ਸ਼ਹੀਦੀ ਸਮਾਗਮ

ਸ੍ਰੀ ਸਤਿਗੁਰੂ ਉਦੇ ਸਿੰਘ ਸੱਚੇ ਪਾਤਸ਼ਾਹ ਜੀ ਦੀ ਹਾਜਰਾ ਹਜ਼ੂਰੀ ਵਿਚ 26 ਨਵੰਬਰ 2019 ਦਿਨ ਮੰਗਲਵਾਰ ਨੂੰ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਦੋ ਨਾਮਧਾਰੀ ਸ਼ਹੀਦ ਸਿੰਘਾਂ ਜਿਨ੍ਹਾਂ ਨੂੰ 26 ਨਵੰਬਰ 1871 ਈ. ਨੂੰ ਅੰਗਰੇਜ਼ ਨੇ ਸ਼ਰੇਆਮ ਫਾਂਸੀ ਦੇ ਕੇ ਸ਼ਹੀਦ ਕੀਤਾ ਸੀ ਦੀ ਯਾਦ ਵਿਚ ਸਲਾਨਾ ਯਾਦਗਾਰੀ ਮੇਲਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ।

ਮੇਲੇ ਦੀ ਆਰੰਭਤਾ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਨਾਲ ਹੋਈ। ਰਾਗੀ ਗੁਰਸੇਵਕ ਸਿੰਘ ਜੀ ਅਤੇ ਲੁਧਿਆਣੇ ਦੇ ਨੌਜਵਾਨਾਂ ਨੇ ਵਾਰ ਗਾਇਨ ਕੀਤੀ। ਵਿੱਦਿਅਕ ਜਥੇ ਵੱਲੋਂ ਹਵਨ ਕੀਤੇ ਗਏ। ਉਪਰੰਤ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ। ਜਥੇਦਾਰ ਗੁਰਲਾਲ ਸਿੰਘ ਜੀ ਨੇ ਹੱਲੇ ਦਾ ਦੀਵਾਨ ਲਾਕੇ ਹਾਜ਼ਰੀਨ ਸਰੋਤਿਆਂ ਨੂੰ ਇਤਿਹਾਸ ਤੋਂ ਜਾਣੂ ਕਰਵਾਇਆ। ਗਿਆਰਾਂ ਵਜ਼ੇ ਨਾਮ ਸਿਮਰਨ ਦੀ ਆਰੰਭਤਾ ਹੋਈ। ਏਸੇ ਦਰਿਮਿਆਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕੀਤੀ। ਉਪਰੰਤ ਜਥੇਦਾਰ ਜੀ ਨੇ ਰਸ ਭਿੰਨਾ ਕੀਰਤਨ ਕੀਤਾ। ਸ਼ਰਧਾਂਜਲੀ ਸਮਾਰੋਹ ਦੇ ਆਰੰਭ ਵਿੱਚ ਸਰਵ ਸ੍ਰੀ ਦਲਬੀਰ ਸਿੰਘ, ਸ. ਸਵਿੰਦਰ ਸਿੰਘ ਜੀ ਨਾਮਧਾਰੀ ਅਤੇ ਜੋਗਿੰਦਰ ਸਿੰਘ ਕੰਗ ਹੋਰਾਂ ਨੇ ਕਵਿਤਾ ਰਾਂਹੀ ਸ਼ਹੀਦਾਂ ਨੂੰ ਯਾਦ ਕੀਤਾ।

ਸੂਬਾ ਬਲਵਿੰਦਰ ਸਿੰਘ ਜੀ ਝੱਲ ਅਤੇ ਸੂਬਾ ਸੁਰਿੰਦਰ ਕੌਰ ਜੀ ਖਰਲ ਨੇ ਸ਼ਹੀਦਾਂ ਸਬੰਧੀ ਇਤਿਹਾਸਕ ਜਾਣਕਾਰੀ ਦਿੱਤੀ। ਸੰਤ ਹਰਪਾਲ ਸਿੰਘ ਜੀ ਸੇਵਕ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਆਖਿਆ ਕਿ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਨੇ ਸ਼ਹਾਦਤਾਂ ਦਾ ਮੁੱਢ ਬੰਨਿਆ। ਗੁਰੂ ਤੇਗ ਬਹਾਦਰ ਜੀ ਨੇ ਧਰਮ ਰੱਖਿਆ ਲਈ ਕੁਰਬਾਨੀ ਦਿੱਤੀ। ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਰਚਨਾ ਹੀ ਮਜ਼ਲੂਮਾਂ ਦੀ ਰਖਿਆ ਅਤੇ ਜਾਬਰ ਦੇ ਜ਼ੁਲਮ ਨੂੰ ਠੱਲ ਪਾਣ ਲਈ ਕੀਤੀ ਸੀ। ਏਹ ਪ੍ਰਥਾ ਨਿਰੰਤਰ ਚਲ ਰਹੀ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਰਹਿਨੁਮਾਈ ਹੇਠ ਸਿੰਘਾਂ ਨੇ ਅੰਗਰੇਜ਼ ਵਿਰੁੱਧ ਅੰਦੋਲਨ ਛੇੜਿਆ, ਅਕਹਿ ਤੇ ਅਸਹਿ ਕਸ਼ਟ ਝੱਲੇ, ਕੁਰਬਾਨੀਆਂ ਦਿੱਤੀਆਂ, ਫਾਂਸੀਆਂ ਤੇ ਝੁੱਲ ਗਏ ਪਰ ਵਿਦੇਸ਼ੀ ਹਕੂਮਤ ਦੀ ਈਨ ਨਹੀਂ ਪ੍ਰਵਾਨੀ। ਸੰਤ ਨਿਸ਼ਾਨ ਸਿੰਘ ਜੀ ਨੇ ਦੱਸਿਆ ਜਿਵੇ ਅੰਮ੍ਰਿਤਸਰ ਸਾਕੇ ਦੇ ਸੂਤਰਧਾਰ ਸੂਬਾ ਤੇਜਾ ਸਿੰਘ ਜੀ ਸਨ। ਏਸੇ ਤਰ੍ਹਾਂ ਰਾਇਕੋਟ ਸਾਕੇ ਦੇ ਸੂਤਰਧਾਰ ਸੂਬਾ ਗਿਆਨੀ ਰਤਨ ਸਿੰਘ ਜੀ ਸਨ। ਸੂਬਾ ਗਿਆਨੀ ਰਤਨ ਸਿੰਘ ਜੀ ਨੇ ਆਪਣੇ ਪ੍ਰਚਾਰ ਖੇਤਰ ਵਿਚ ਲੋਕਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਨਾਲ ਜੋੜਿਆ। ਲੋਕਾਂ ਨੂੰ ਦੇਸ਼ ਦੀ ਅਜ਼ਾਦੀ ਲਈ ਸਿੱਖਾਂ ਨੂੰ ਅੰਗਰੇਜੀ ਸਰਕਾਰ ਦੀਆਂ ਭਾਰਤ ਵਿਰੋਧੀ ਨੀਤੀਆਂ ਵਿਰੁੱਧ ਜਾਗਰੂਕ ਕੀਤਾ। ਸੂਬਾ ਜੀ ਦੀ ਦੇਖ ਰੇਖ ਵਿਚ ਰਾਇਕੋਟ ਬੁਚੜਖਾਨੇ ਉੱਤੇ ਹਮਲਾ ਕਰਨ ਦੀ ਵਿਉਂਤ ਬੰਧੀ ਕੀਤੀ ਗਈ। ਯੋਜਨਾ ਤਹਿਤ ਸਿੱਖਾਂ ਨੇ 15 ਜੁਲਾਈ 1871 ਈ. ਨੂੰ ਰਾਏਕੋਟ ਬੁਚੜਖਾਨੇ ਤੇ ਹਮਲਾ ਕੀਤਾ। ਏਸ ਸਾਕੇ ਵਿਚ ਤਿੰਨ ਸਿੰਘਾਂ ਨੂੰ ਰਾਇਕੋਟ ਅਤੇ ਦੋ ਸਿੰਘਾਂ ਨੂੰ ਲੁਧਿਆਣੇ ਏਸ ਸਮਾਰਕ ਵਾਲੀ ਜਗਾਹ ਤੇ ਸ਼ਰ੍ਹੇਆਮ ਫਾਂਸੀ ਦੇਕੇ ਸ਼ਹੀਦ ਕੀਤਾ ਗਿਆ ਸੀ। ਏਸ ਮੌਕੇ ਤੇ ਸ. ਕੁਲਵੰਤ ਸਿੰਘ ਸਿੱਧੂ ਜਨਰਲ ਸਕੱਤਰ ਪੰਜਾਬ ਪ੍ਰਦੇਸ ਕਾਂਗਰਸ ਕਮੇਟੀ, ਸ੍ਰੀ ਸੁਸ਼ੀਲ ਪ੍ਰਸ਼ਾਰ ਸਕੱਤਰ ਆਲ ਇੰਡੀਅਨ ਕਾਂਗਰਸ ਸੇਵਾ ਦਲ, ਸ. ਰਣਜੀਤ ਸਿੰਘ ਢਿਲੋਂ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਲੁਧਿਆਣਾ, ਸ. ਜਗਬੀਰ ਸਿੰਘ ਜੀ ਸੋਖੀ, ਸ. ਇਕਬਾਲ ਸਿੰਘ ਡਿੱਕੋ ਕਉਂਸਲਰ, ਸ੍ਰੀ ਅਸਵਨੀ ਸ਼ਰਮਾ ਜੀ ਪ੍ਰਧਾਨ ਜਿਲਾ ਕਾਂਗਰਸ ਕਮੇਟੀ ਲੁਧਿਆਣਾ ਸ਼ਹੀਦਾਂ ਨੂੰ ਅਕੀਦਤ ਭੇਟ ਕਰਨ ਲਈ ਪਹੁੰਚੇ। ਸ੍ਰੀ ਸਤਿਗੁਰੂ ਜੀ ਨੇ ਏਹਨਾਂ ਸਭ ਨੂੰ ਸਿਰੋਪਾਓ ਬਖਸ਼ਣ ਦੀ ਕ੍ਰਿਪਾਲਤਾ ਕੀਤੀ। ਮੰਚ ਦਾ ਸੰਚਾਲਨ ਅਜੀਤ ਸਿੰਘ ਨਾਮਧਾਰੀ ਨੇ ਕੀਤਾ। ਨਾਮਧਾਰੀ ਸੰਗਤ ਵਲੋਂ ਹਰ ਸਾਲ ਉਪਰਾਲਾ ਕੀਤਾ ਜਾਂਦਾ ਹੈ ਕਿ ਬਜੁਰਗਾਂ ਨੂੰ ਸਨਮਾਨ ਅਰਪਿਤ ਕਰੇ, ਜਿੰਨਾਂ ਨੇ ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਬਖਸ਼ਿਸ਼ ਸਦਕਾ ਪੰਥ ਦੀ ਸੇਵਾ ਕੀਤੀ, ਆਪਣੇ ਪਰਿਵਾਰ ਤੇ ਬੱਚਿਆਂ ਨੂੰ ਗੁਰੂ ਚਰਨਾਂ ਨਾਲ ਜੋੜੀ ਰੱਖਿਆ ਹੈ। ਸੂਬਾ ਹਰਭਜਨ ਸਿੰਘ ਜੀ ਨੇ ਉਹਨਾਂ ਬੁਜ਼ਰਗ ਮਾਈ ਭਾਈਆਂ ਦੀਆਂ ਕੀਤੀਆਂ ਘਾਲਨਾਵਾਂ ਦੀ ਜਾਣਕਾਰੀ ਸੰਗਤਾਂ ਨੂੰ ਦਿੱਤੀ। ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਮਾਤਾ ਗੁਰਸ਼ਰਨ ਕੌਰ ਸਪੁੱਤਰੀ ਸਵਰਗੀਯ ਸੰਤ ਸਰਦੂਲ ਸਿੰਘ ਜੀ, ਸੰਤ ਗਿਆਨ ਸਿੰਘ ਜੀ, ਸੰਤ ਗੁਰਬਚਨ ਸਿੰਘ ਜੀ ਅਤੇ ਸੰਤ ਸੰਤੋਖ ਸਿੰਘ ਜੀ ਨੂੰ ਸਿਰੋਪਾਓ ਸਨਮਾਨ ਬਖਸ਼ ਕੇ ਨਿਵਾਜਿਆ। ਅਜ ਦੇ ਮੇਲੇ ਦੀ ਸੇਵਾ ਹਰ ਸਾਲ ਦੀ

Sri Satguru Jagjit Singh Ji Elibrary NamdhariElibrary@gmail.com

ਤਰ੍ਹਾਂ ਸਵਰਗੀਯ ਸੰਤ ਰਾਜਿੰਦਰ ਸਿੰਘ ਸੂਰਾ ਦੇ ਪਰਵਾਰ ਵਲੋਂ ਕੀਤੀ ਗਈ। ਸੰਤ ਸੁਰਿੰਦਰ ਸਿੰਘ ਜੀ ਤੇ ਸੂਬਾ ਹਰਭਜਨ ਸਿੰਘ ਅਤੇ ਹੋਰ ਪਤਵੰਤੇ ਸੱਜਣਾਂ ਸਹਿਤ ਪ੍ਰਵਾਰ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਹੋਕੇ ਕੋਟੀ-ਕੋਟੀ ਧੰਨਵਾਦ ਕੀਤਾ। ਪਾਤਸ਼ਾਹ ਜੀ ਕੋਲ ਅਰਜ਼ ਕੀਤੀ ਗਈ ਕਿ ਨਾਮਧਾਰੀ ਸੰਗਤ ਲੁਧਿਆਣਾ ਤੇ ਏਸੇ ਤਰ੍ਹਾਂ ਸਦਾ ਮੇਹਰ ਬਣੀ ਰਹੇ, ਸੰਗਤ ਅਤੇ ਵਿਸ਼ੇਸ਼ ਤੌਰ ਬੱਚੇ ਬੱਚੀਆਂ ਆਪ ਜੀ ਦੇ ਚਰਨਾਂ ਨਾਲ ਜੁੜੇ ਰਹਿਣ। ਉਪਰੰਤ ਸਾਧ ਸੰਗਤ ਨੇ ਗ਼ਰੀਬ ਨਿਵਾਜ ਜੀ ਦੇ ਸਨਮੁੱਖ ਹਾਜ਼ਰ ਹੋਕੇ ਨਾਮਧਾਰੀ ਸ਼ਹੀਦੀ ਸਮਾਰਕ ਦੀ ਚੱਲ ਰਹੀ ਉਸਾਰੀ ਵਿਚ ਆਪੋ ਆਪਣੀ ਸਮਰੱਥਾ ਅਨੁਸਾਰ ਸੇਵਾ ਅਰਪਿਤ ਕੀਤੀ। ਸ੍ਰੀ ਸਤਿਗੁਰੂ ਜੀ ਨੇ ਸਮੂਹ ਸੰਗਤ ਨੂੰ ਖੁਸ਼ੀਆਂ ਬਖਸ਼ੀਆਂ। ਮੇਲੇ ਦੀ ਸਮਾਪਤੀ ਦੀ ਅਰਦਾਸ ਨਾਲ ਸੰਗਤਾਂ ਸ਼ਹੀਦਾਂ ਨੂੰ ਨਤਮਸਤਕ ਹੁੰਦੀਆਂ ਹੋਈਆਂ ਸ੍ਰੀ ਸਤਿਗੁਰੂ ਜੀ ਦਾ ਅਸ਼ੀਰਵਾਦ ਪ੍ਰਾਪਤ ਕਰ, ਘਰਾਂ ਨੂੰ ਰੁਖਸਤ ਹੋ ਗਈਆਂ। ਏਸ ਮੇਲੇ ਦਾ ਪ੍ਰਬੰਧ ਕਰਨ ਲਈ ਸੇਵਾ ਕਰਨ ਵਾਲੇ ਸੁਯੋਗ ਸੇਵਾਦਾਰਾਂ ਦੀ ਲਿਸਟ ਬਹੁਤ ਲੰਬੀ ਹੈ। ਹਰ ਇੱਕ ਨੇ ਆਪੋ ਆਪਣੀ ਬਲ-ਬੁੱਧੀ ਜਥਾ ਸ਼ਕਤੀ ਅਨੁਸਾਰ ਯੋਗਦਾਨ ਪਾਇਆ ਹੈ। ਸ੍ਰੀ ਸਤਿਗੁਰੂ ਜੀ ਜਾਨੀ ਜਾਣ ਹਨ। ਕਿਰਪਾ ਹੋਵੇ ਬਖਸ਼ਿਸ਼ ਹੋਵੇ ਸਭ ਨੂੰ ਆਪਣੀਆਂ ਖੁਸ਼ੀਆਂ ਬਖਸ਼ਣ।

-ਅਜੀਤ ਸਿੰਘ ਨਾਮਧਾਰੀ

ਸ੍ਰੀ ਸਤਿਗੁਰੂ ਜੀ, ਜੰਗੇ-ਆਜ਼ਾਦੀ ਦੀ ਯਾਦਗਾਰ (ਕਰਤਾਰਪੁਰ) ਵਿਖੇ ਪਧਾਰੇ:

2 ਦਿਸੰਬਰ 2019 ਕਰਤਾਰਪੁਰ (ਜਲੰਧਰ)- ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸਿੱਖਾਂ-ਸੇਵਕਾਂ ਸਹਿਤ ਉਚੇਚੇ ਜੰਗ-ਏ-ਆਜ਼ਾਦੀ ਦੀ ਯਾਦਗਾਰ ਦਾ ਦੌਰਾ ਕੀਤਾ। ਸ੍ਰੀ ਸਤਿਗੁਰੂ ਜੀ ਦੇ ਨਾਲ ਸ੍ਰੀ ਭੈਣੀ ਸਾਹਿਬ ਤੋਂ ਸ੍ਰੀ ਜੈ ਸਿੰਘ ਜੀ, ਸੇਵਕ ਕਰਤਾਰ ਸਿੰਘ, ਆਸਾ ਸਿੰਘ, ਹਰਪਾਲ ਸਿੰਘ, ਕਰਨਪਾਲ ਸਿੰਘ ਅਤੇ ਗੁਰਮੁਖ ਸਿੰਘ ਡਰਾਈਵਰ ਵੀ ਆਏ। ਸਮਾਰਕ ਵਿਖੇ ਪੁੱਜਣ ਤੇ ਸਮਾਰਕ ਦੇ ਮੈਨੇਜਰ ਸ੍ਰੀ ਰਜਤ ਮਰਵਾਹਾ ਜੀ, ਸਹਾਇਕ ਮੈਨੇਜਰ ਸ੍ਰੀ ਮਤੀ ਨੇਹਾ ਜੀ ਨੇ ਫੁੱਲਾਂ ਦੇ ਬੁੱਕੇ ਭੇਟ ਕਰਕੇ ਸ੍ਰੀ ਸਤਿਗੁਰੂ ਜੀ ਨੂੰ ਜੀਓ ਆਇਆਂ ਕਿਹਾ। ਸ. ਨਰਾਇਣ ਸਿੰਘ ਜੀ ਪ੍ਰਧਾਨ ਨਾਮਧਾਰੀ ਸੰਗਤ ਜਲੰਧਰ ਅਤੇ ਜਤਿੰਦਰ ਸਿੰਘ ਜੀ ਚਿੰਕਾ ਸ੍ਰੀ ਸਤਿਗੁਰੂ ਜੀ ਦੇ ਆਉਣ ਦੀ ਪ੍ਰਬੰਧਕਾਂ ਨੂੰ ਸੂਚਨਾ ਦੇਣ ਲਈ ਪਹਿਲੋਂ ਪੁੱਜੇ ਹੋਏ ਸਨ।

ਸਮਾਰਕ ਦੇ ਇੰਚਾਰਜ ਸ੍ਰੀ ਰਜਤ ਮਰਵਾਹਾ ਜੀ ਨੇ ਸ੍ਰੀ ਸਤਿਗੁਰੂ ਜੀ ਨੂੰ ਪੂਰੇ ਸਮਾਰਕ ਦਾ ਰਾਊਂਡ ਲਵਾਇਆ। ਸ੍ਰੀ ਸਤਿਗੁਰੂ ਜੀ ਉਚੇਚੀ ਤਵੱਜੋਂ ਦੇਂਦਿਆਂ ਮਰਵਾਹਾ ਜੀ ਨੂੰ ਹਰ ਗੈਲਰੀ ਵਿਚ ਹੋਏ ਕੰਮ ਦੇ ਤਕਨੀਕੀ ਪਹਿਲੂਆਂ ਬਾਰੇ ਪੁੱਛਦੇ ਰਹੇ। ਸਕਰਿਪਟ ਕਿਸਨੇ ਲਿਖੀ ਹੈ? ਡਿਜ਼ੀਟਲ ਵਰਕ ਕਿਸ ਕੀਤਾ ਹੈ? ਮਿਊਰਲਜ਼ ਅਤੇ ਪੇਂਟਿੰਗ ਦਾ ਕੰਮ ਕਿਸ ਤੋਂ ਕਰਵਾਇਆ ਹੈ? ਆਦਿ ਹਰ ਤਰ੍ਹਾਂ ਦੀ ਜਾਣਕਾਰੀ ਪੁੱਛਦੇ ਰਹੇ ਅਤੇ ਮੈਨੇਜਰ ਸਾਹਿਬ ਬੜੇ ਅਦਬ ਸਹਿਤ ਦੱਸਦੇ ਰਹੇ। ਇਸ ਸਮਾਰਕ ਵਿਚ ਇਹ ਸ੍ਰੀ ਸਤਿਗੁਰੂ ਜੀ ਦੀ ਦੂਸਰੀ ਫੇਰੀ ਹੈ ਕਿਉਂਕਿ ਸ਼ੁਰੂ ਵਿਚ ਜਦੋਂ ਸ੍ਰੀ ਸਤਿਗੁਰੂ ਜੀ ਪਹਿਲੀ ਵੇਰ ਆਏ ਸਨ ਉਦੋਂ ਅਜੇ ਕੁੱਝ ਗੈਲਰੀਆਂ ਦਾ ਕੰਮ ਅਧੂਰਾ ਸੀ ਜੋ ਹੁਣ ਪੂਰਾ ਹੋ ਚੁੱਕਾ ਹੈ, ਜਿਨ੍ਹਾਂ ਵਿਚ ਨਾਮਧਾਰੀ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਗਦਰ ਲਹਿਰ ਅਤੇ ਅੰਡੇਮਾਨ ਨਿਕੋਬਾਰ (ਕਾਲਾ ਪਾਣੀ) ਬਾਰੇ ਗੈਲਰੀਆਂ ਤਿਆਰ ਹੋ ਚੁੱਕੀਆਂ ਹਨ। ਸ੍ਰੀ ਸਤਿਗੁਰੂ ਜੀ ਨੇ ਮਰਵਾਹਾ ਜੀ ਨੂੰ ਕਿਹਾ ਕਿ ਆਜ਼ਾਦੀ ਸੰਘਰਸ਼ ਬਾਰੇ ਵਿਸਤ੍ਰਿਤ ਜਾਣਕਾਰੀ ਭਰਪੂਰ ਇਹ ਭਾਰਤ ਦਾ ਪਹਿਲਾ ਨਿਵੇਕਲਾ ਮਿਊਜ਼ੀਅਮ ਹੈ। ਨਵੀਂ ਪੀੜੀ ਨੂੰ ਆਪਣੇ ਗੌਰਵਮਈ ਇਤਿਹਾਸ ਨਾਲ ਜੋੜਨ ਦਾ ਇਹ ਬਹੁਤ ਵਧੀਆ ਉਪਰਾਲਾ ਹੈ। ਸ੍ਰੀ ਸਤਿਗੁਰੂ ਜੀ ਇਹ ਵੀ ਆਖਿਆ ਕਿ ਮੈਂ ਤੇ ਹਰ ਜਗ੍ਹਾ ਸੰਗਤ ਨੂੰ ਆਖਦਾ ਹਾਂ ਕਿ ਕਰਤਾਰਪੁਰ ਜੰਗੇ-ਆਜ਼ਾਦੀ ਦਾ ਸਮਾਰਕ ਜ਼ਰੂਰ ਵੇਖਣ ਜਾਉ। ਇਸ ਸਮਾਰਕ ਨੂੰ ਦੁਬਾਰਾ ਉਚੇਚਾ ਵੇਖਣ ਦਾ ਉਦੇਸ਼ ਸ੍ਰੀ ਭੈਣੀ ਸਾਹਿਬ ਬਣ ਰਹੇ ਮਿਊਜ਼ੀਅਮ ਬਾਰੇ ਆਈਡੀਆ ਲੈਣਾ ਵੀ ਹੈ। ਯਾਦ ਰਹੇ ਕਿ ਕੁਝ ਦਿਨ ਪਹਿਲੋਂ ਅੰਮ੍ਰਿਤਸਰ ਤੋਂ ਢਾਈ-ਤਿੰਨ ਸੌ ਨਾਮਧਾਰੀ ਸਰੀਰ ਉਚੇਚਾ ਇਸ ਸਮਾਰਕ ਦੀ ਯਾਤਰਾ ਕਰਨ ਆਏ ਸਨ।

Sri Satguru Jagjit Singh Ji Elibrary NamdhariElibrary@gmail.com

ਬਿਜਲੀਵਾਲ ਦੇ ਮੇਲੇ ਸਮੇਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਦਰਸ਼ਨ

ਜਿਲੇ ਗੁਰਦਾਸਪੁਰ ਦੀ ਤਹਿਸੀਲ ਬਟਾਲਾ ਅਧੀਨ ਆਉਂਦੇ ਪਿੰਡ ਬਿਜਲੀਵਾਲ ਵਿਖੇ 25 ਨਵੰਬਰ 2019 ਮੁਤਾਬਿਕ 10 ਮੱਘਰ 2076 ਬਿਕ੍ਰਮੀ ਦਿਨ ਸੋਮਵਾਰ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਹਿਪਾਠੀ ਰਹੇ ਗਿਆਨੀ ਬਲਵੰਤ ਸਿੰਘ ਵੈਦ ਜੀ ਦੀ ਯਾਦ ਵਿਚ ਇੱਥੇ ਹਰ ਸਾਲ ਸੰਤ ਹਰਦੇਵ ਸਿੰਘ ਬਿਜਲੀਵਾਲ ਵੱਲੋਂ ਮੇਲਾ ਕੀਤਾ ਜਾਂਦਾ ਹੈ। ਸੰਤ ਹਰਦੇਵ ਸਿੰਘ ਜੀ ਵੱਲੋਂ ਕੀਤੀ ਅਰਜ ਬੇਨਤੀ ਪ੍ਰਵਾਨ ਕਰਦੇ ਹੋਏ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸ੍ਰੀ ਭੈਣੀ ਸਾਹਿਬ ਤੋਂ ਆਪਣੇ ਸਿੱਖਾਂ ਸੇਵਕਾਂ ਸਹਿਤ ਸਵੇਰੇ 9.25 ਤੇ ਕਮਰ ਕੱਸੇ ਕੀਤੇ ਅਤੇ ਵਾਇਆ ਜਲੰਧਰ, ਬਿਆਸ ਹੁੰਦੇ ਹੋਏ ਬਟਾਲਾ ਪਹੁੰਚੇ ਜਿਥੇ ਬਾਈਪਾਸ ਬਟਾਲਾ ਵਿਖੇ ਸ੍ਰੀ ਹਰਗੋਬਿੰਦਪੁਰ ਦੇ M.L.A ਸ. ਬਲਵਿੰਦਰ ਸਿੰਘ ਲਾਡੀ ਆਪਣੇ ਸਾਥੀਆਂ ਸਮੇਤ ਦਰਸ਼ਨ ਕਰਨ ਲਈ ਪਹੁੰਚੇ ਹੋਏ ਸਨ। ਇਥੋਂ ਸ੍ਰੀ ਸਤਿਗੁਰੂ ਜੀ ਨੇ ਬਿਜਲੀਵਾਲ ਵਿਖੇ ਗਿਆਨੀ ਬਲਵੰਤ ਸਿੰਘ ਵੈਦ ਜੀ ਦੀ ਯਾਦ ਵਿਚ ਬਣੇ ਗੁਰਦੁਆਰੇ ਵਿਖੇ ਦਰਸ਼ਨ ਦਿੱਤੇ ਬਾਹਰ ਪੰਡਾਲ ਵਿਚ ਜ. ਗੁਰਬਚਨ ਸਿੰਘ ਜੀ ਹੱਲੇ ਵਾਲੇ ਦੀਵਾਨ ਸਜਾ ਰਹੇ ਸਨ। ਪੰਡਾਲ ਵਿਚ ਦਰਸ਼ਨ ਦੇਣ ਸਮੇਂ ਸਾਧ ਸੰਗਤ ਨੇ ਕਤਾਰਾਂ ਵਿਚ ਸ਼ਰਧਾ ਪੂਰਵਕ ਭੇਟਾ ਧਰ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਉਪਰੰਤ ਕਵੀਸ਼ਰ ਦਿਲਬਾਗ ਸਿੰਘ ਵਲਟੋਹਾ ਦੇ ਸਾਥੀਆਂ ਨੇ ਕਵੀਸ਼ਰੀ ਪ੍ਰਸੰਗ ਪੇਸ਼ ਕੀਤਾ। ਉਸ ਤੋਂ ਬਾਅਦ ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਦੁਆਰਾ ਸੰਤਾਂ ਦੇ ਜੀਵਨ ਸਬੰਧੀ ਚਾਨਣਾ ਪਾਇਆ ਅਤੇ ਕਥਾ ਕੀਤੀ। ਇਸ ਸਮੇਂ ਸੂਬਾ ਅਜੀਤ ਸਿੰਘ ਬਟਾਲਾ, ਸੂਬਾ ਬਲਵਿੰਦਰ ਸਿੰਘ ਚੱਕ ਯਕੂਬ, ਸੂਬਾ ਨੱਥਾ ਸਿੰਘ ਅੰਮ੍ਰਿਤਸਰ, ਸੂਬਾ ਅਮਰੀਕ ਸਿੰਘ ਅੰਮ੍ਰਿਤਸਰ, ਸੂਬਾ ਸ਼ਾਮ ਸਿੰਘ ਤਰਨਤਾਰਨ, ਗੁਰਭੇਜ ਸਿੰਘ ਤਰਨਤਾਰਨ ਹਾਜਰ ਸਨ। ਸੰਤ ਹਰਦੇਵ ਸਿੰਘ ਜੀ ਨੇ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਦੇਣ ਤੇ ਉਚੇਚਾ ਧੰਨਵਾਦ ਕੀਤਾ ਅਤੇ ਅੱਗੇ ਵਾਸਤੇ ਵੀ ਸ੍ਰੀ ਸਤਿਗੁਰੂ ਜੀ ਨੂੰ ਇਸੇ ਤਰ੍ਹਾਂ ਦਰਸ਼ਨ ਦੇਣ ਲਈ ਸਨਿਮਰ ਬੇਨਤੀ ਕੀਤੀ। ਸ੍ਰੀ ਸਤਿਗੁਰੂ ਜੀ ਨੇ ਆਪਣੇ ਪਾਵਨ ਪਵਿੱਤਰ ਉਪਦੇਸ਼ ਵਿਚ ਸਾਧ ਸੰਗਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦਿੱਤੀ ਹੋਈ ਸਿੱਖੀ, ਜਿਸ ਤੇ ਚੱਲਣ ਲਈ ਸਾਨੂੰ ਸਭਨਾਂ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪਰਪੱਕ ਕੀਤਾ ਉਸ ਅਨੁਸਾਰ ਸਵੇਰੇ ਅੰਮ੍ਰਿਤ ਵੇਲੇ ਜਾਗਣਾ, ਨਾਮ ਸਿਮਰਨ ਕਰਨਾ ਅਤੇ ਪਵਿੱਤਰ ਗੁਰਬਾਣੀ ਦਾ ਪਾਠ ਕਰਨ ਦਾ ਹੁਕਮ ਕੀਤਾ। ਉਪਰੰਤ ਮੇਲੇ ਦੀ ਸਮਾਪਤੀ ਦੀ ਅਰਦਾਸ ਕੀਤੀ ਗਈ ਅਤੇ ਸ੍ਰੀ ਸਤਿਗੁਰੂ ਜੀ ਨੇ ਪੰਡਾਲ ਤੋਂ ਵਾਪਸੀ ਸਮੇਂ ਸ. ਅਮਰਜੀਤ ਸਿੰਘ ਸਰਪੰਚ ਦੀ ਪਤਨੀ ਦੇ ਚੜਾਈ ਕਰਨ ਤੇ ਉਹਨਾਂ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਇਥੋਂ ਹੀ ਸ੍ਰੀ ਸਤਿਗੁਰੂ ਜੀ ਨੇ ਵਾਪਸ ਸ੍ਰੀ ਭੈਣੀ ਸਾਹਿਬ ਲਈ ਚਾਲੇ ਪਾ ਦਿੱਤੇ ਅਤੇ ਸ਼ਾਮ ਤੱਕ ਸ੍ਰੀ ਭੈਣੀ ਸਾਹਿਬ ਵਾਪਸ ਆਣ ਦਰਸ਼ਨ ਦਿੱਤੇ।

ਸੂਬਾ ਬਲਵਿੰਦਰ ਸਿੰਘ ਝੱਲ

ਸਫਲਿਓ ਸਤਿਗੁਰੁ ਸੇਵਿਆ ਧੰਨੁ ਜਨਮੁ ਪਰਵਾਣੁ॥

ਬੀਬੀ ਮਹਿੰਦਰ ਕੌਰ ਸੁਪੱਤਨੀ ਸਵ. ਸੰਤ ਹਰਭਜਨ ਸਿੰਘ ਪੱਦੀ ਖਾਲਸਾ(ਫਗਵਾੜਾ) ਕੁਝ ਦਿਨ ਪਹਿਲਾਂ ਆਪਣੀ ਜੀਵਨ ਯਾਤਰਾ ਪੂਰੀ ਕਰਕੇ ਗੁਰਪੁਰੀ ਸਿਧਾਰ ਗਏ। ਬੀਬੀ ਮਹਿੰਦਰ ਕੌਰ ਜੀ ਇਕ ਅਦਾਰਸ਼ਕ ਜੀਵਨ ਵਾਲੇ ਵਿਅਕਤੀ ਸਨ। ਉਹਨਾਂ ਦਾ ਜਨਮ ਸੰਨ 1933 ਈਸਵੀ ਵਿੱਚ ਪਿਤਾ ਸੰਤ ਸਵਰਨ ਸਿੰਘ ਸੋਧੀ ਤੇ ਮਾਤਾ ਪ੍ਰੀਤਮ ਕੌਰ ਦੇ ਘਰ ਪਿੰਡ ਹਰੀਪੁਰ ਬਾਠ ਨੇੜੇ ਨਕੋਦਰ ਜਿਲਾ ਜਲੰਧਰ ਵਿਖੇ ਹੋਇਆ। ਸੰਤ ਸਵਰਨ ਸਿੰਘ ਜੀ ਉਪਜੀਵਕਾ ਹਿੱਤ ਪ੍ਰੀਵਾਰ ਸਮੇਤ ਦਿੱਲੀ ਚਲੇ ਗਏ ਅਤੇ ਓਥੇ ਆਪਣੇ ਕਾਰੋਬਾਰ ਦੇ ਨਾਲ ਨਾਲ ਲੰਮੇ ਸਮੇਂ ਤੱਕ ਨਾਮਧਾਰੀ ਸੰਗਤ ਵਿੱਚ ਨਾਮਧਾਰੀ ਮਰਿਯਾਦਾ ਅਨੁਸਾਰ ਹੋਣ ਵਾਲੇ ਕਾਰਜਾਂ ਦੀ ਅਗਵਾਈ ਕਰਦੇ ਰਹੇ। ਸੋ ਗੁਰਸਿੱਖੀ ਅਤੇ ਸੋਧ ਮਰਿਯਾਦਾ ਆਪ ਜੀ ਨੂੰ ਬਚਪਨ ਤੋਂ ਹੀ ਪ੍ਰਾਪਤ ਸੀ। ਵੱਡੇ ਹੋਏ ਤਾਂ ਆਪ ਜੀ ਦਾ ਸੰਯੋਗ ਸੰਤ ਹਰਭਜਨ ਸਿੰਘ ਪੱਦੀ ਖਾਲਸਾ ਵਾਲਿਆਂ ਨਾਲ ਹੋਇਆ। ਸੰਤ ਹਰਭਜਨ ਸਿੰਘ ਜੀ ਨੂੰ ਵੀ ਸੋਧ ਮਰਿਯਾਦਾ ਤੇ ਗੁਰਸਿੱਖੀ ਵਿਰਸੇ ਵਿੱਚ ਹੀ ਮਿਲੀ ਹੋਈ ਸੀ ਕਿਉਂਕਿ ਆਪ ਜੀ ਦੇ ਪਿਤਾ ਸੰਤ ਕਰਮ ਸਿੰਘ ਤੇ ਮਾਤਾ ਹਰਨਾਮ ਕੌਰ ਜੀ ਵੱਡੇ ਸੋਧੀ ਸਨ। ਬੀਬੀ ਮਹਿੰਦਰ ਕੌਰ ਜੀ ਬਹੁਤ ਹੀ ਨਿਮਰ, ਸ਼ਾਂਤ ਸੁਭਾਅ, ਸਬਰ-ਸੰਤੋਖ ਰੱਖਣ ਵਾਲੇ ਵਿਅਕਤੀਤਵ ਦੇ ਮਾਲਕ ਅਤੇ ਸ੍ਰੀ ਸਤਿਗੁਰੂ ਦੇ ਚਰਨਾਂ ਦੇ ਸੱਚੇ ਪ੍ਰੀਤਵਾਨ ਸਨ।

ਉਹਨਾਂ ਨੂੰ ਧਾਰਮਿਕ ਪੁਸਤਕਾਂ ਪੜ੍ਹਨ ਦਾ ਬਹੁਤ ਸ਼ੌਕ ਸੀ। ਸਤਿਜੁਗ ਦਾ ਹਰ ਅੰਕ ਅਤੇ ਅਖਵਾਰ ਉਹ ਬਹੁਤ ਹੀ ਰੀਝ ਨਾਲ ਪੜ੍ਹਦੇ ਸਨ। ਜਿਸ ਕਰਕੇ ਉਹਨਾਂ ਨੂੰ ਅਨੇਕਾਂ ਗੁਰੂ ਸਾਖੀਆਂ, ਕਬਿੱਤ ਤੇ ਕਵਿਤਾਵਾਂ ਆਦਿ ਕੰਠੋਂ ਯਾਦ ਸਨ।

Sri Satguru Jagjit Singh Ji Elibrary NamdhariElibrary@gmail.com

ਜਿਸ ਨੂੰ ਵੀ ਮਿਲਣਾ ਉਸ ਨਾਲ ਵਿਹਾਰਕ ਗੱਲਾਂ ਬਾਤਾਂ ਉਪਰੰਤ ਗੁਰੂ ਸਾਖੀਆਂ ਸ਼ੁਰੂ ਕਰ ਲੈਣੀਆਂ। ਬੀਬੀ ਜੀ ਗੁਰਬਾਣੀ ਦੇ ਵੀ ਵਧੀਆ ਪਾਠੀ ਸਨ ਅਤੇ ਆਦਿ ਬਾਣੀ ਦੇ ਸੰਪੂਰਨ ਪਾਠ ਕਰਕੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਹੋਣ ਵਾਲੇ ਪਾਠਾਂ ਵਿੱਚ ਵੀ ਸਮੇਂ ਸਮੇਂ ਹਿੱਸਾ ਪਾਉਦੇ ਰਹੇ। ਸੋਧ ਮਰਿਯਾਦਾ ਹੋਣ ਕਰਕੇ ਘਰ ਵਿੱਚ ਸਿੱਖਾਂ ਸਾਧਾਂ ਦਾ ਆਉਣਾ ਅਕਸਰ ਬਣਿਆ ਰਹਿੰਦਾ ਸੀ ਤੇ ਬੀਬੀ ਮਹਿੰਦਰ ਕੌਰ ਜੀ ਘਰ ਆਏ ਸਿੱਖਾਂ ਸਾਧਾਂ ਦੀ ਸੇਵਾ ਲਈ ਆਪਣੇ ਪ੍ਰੀਵਾਰ ਸਹਿਤ ਸਦਾ ਹੀ ਤਤਪਰ ਰਹੇ।

ਪ੍ਰੀਵਾਰਕ ਤੇ ਸਮਾਜਿਕ ਜੀਵਨ ਵਿੱਚ ਉਹਨਾਂ ਨੇ ਸੱਭ ਤੋਂ ਮਾਣ ਸਤਿਕਾਰ ਪ੍ਰਾਪਤ ਕੀਤਾ ਅਤੇ ਪ੍ਰੇਮ ਪਿਆਰ ਵੰਡਿਆ। ਆਪ ਜੀ ਸਿਲਾਈ ਕਢਾਈ ਵਿੱਚ ਨਿਪੁੰਨ ਸਨ ਤੇ ਪਿੰਡ ਦੀਆਂ ਅਨੇਕਾਂ ਬੱਚੀਆਂ ਤੇ ਬੀਬੀਆਂ ਨੂੰ ਸਿਲਾਈ ਕਢਾਈ ਕਰਨ ਵਿੱਚ ਨਿਪੁੰਨ ਬਣਾਉਣ ਦਾ ਨਿਸ਼ਕਾਮ ਕਾਰਜ ਕੀਤਾ। ਬੀਬੀ ਜੀ ਨੇ ਸਦਾ ਹੀ ਸ਼ੁੱਭ ਸਿੱਖਿਆਵਾਂ ਦੇਕੇ ਆਪਣੇ ਬੱਚਿਆਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਸਤਿਗੁਰੂ ਜੀ ਦੀ ਅਪਾਰ ਬਖਸ਼ਿਸ਼ ਸਦਕਾ ਬੀਬੀ ਜੀ ਨੂੰ ਨਾਮਧਾਰੀ ਪੰਥ ਵਿੱਚ ਇਜੇਹੀ ਮਾਂ ਹੋਣ ਦਾ ਮਾਣ ਪ੍ਰਾਪਤ ਸੀ ਕਿ ਜਿਸਦੇ ਦੋ ਸਪੁੱਤਰਾਂ ਜਸਵੀਰ ਸਿੰਘ ਪੱਦੀ ਖਾਲਸਾ ਤੇ ਬਲਵੀਰ ਸਿੰਘ ਸਰੀ ਵੈਨਕੂਵਰ ਕਨੇਡਾ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੂਬੇ ਥਾਪਿਆ ਤੇ ਤੀਸਰੇ ਪੁੱਤਰ ਸੰਤ ਗੁਰਬਖਸ਼ ਸਿੰਘ ਯੂਕੇ, ਨੂੰਹ ਬੀਬੀ ਗੁਨਵੰਤ ਕੌਰ ਸਰੀ ਕਨੇਡਾ ਤੇ ਪੋਤਰੇ ਗੁਰਸ਼ਰਨ ਸਿੰਘ ਨੂੰ ਵੀ ਭਜਨ ਦੱਸਣ ਦੀ ਆਗਿਆ ਬਖਸ਼ੀ। ਬੀਬੀ ਜੀ ਦੀਆਂ ਦੋਵੇਂ ਬੇਟੀਆਂ ਜਸਵੀਰ ਕੌਰ ਤੇ ਦਾਮਾਦ ਸੰਤ ਮੋਹਨ ਸਿੰਘ ਗੁਰਾਇਆ ਅਤੇ ਰਣਜੀਤ ਕੌਰ ਰਾਣੀ ਤੇ ਸੰਤ ਮਨਜੀਤ ਸਿੰਘ ਮੰਗਾ ਲੁਧਿਆਣਾ ਵੀ ਸਤਿਗੁਰੂ ਜੀ ਦੇ ਅਨਿਨ ਸੇਵਕ ਹਨ। ਬੀਬੀ ਦਾ ਸਮੁੱਚਾ ਪਰਿਵਾਰ ਹਜ਼ੂਰ ਪਾਤਸ਼ਾਹ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ ਦਾ ਪ੍ਰੀਤਵਾਨ ਹੈ ਤੇ ਅਰਜੋਈ ਕਰਦਾ ਹੈ ਕਿ ਸਤਿਗੁਰੂ ਜੀ ਦੀਆਂ ਇਹ ਬਖਸ਼ਿਸ਼ਾਂ ਸਮੁੱਚੇ ਪਰਿਵਾਰਾਂ ਤੇ ਸਦਾ ਹੀ ਬਣੀਆਂ ਰਹਿਣ। ਬੀਬੀ ਮਹਿੰਦਰ ਕੌਰ ਜੀ ਦੀ ਯਾਦ ਵਿੱਚ ਪਰਿਵਾਰ ਵੱਲੋਂ ਮਿਤੀ 23-11-2019 ਨੂੰ ਨਾਮਧਾਰੀ ਧਰਮਸ਼ਾਲਾ, ਫਗਵਾੜਾ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਮੇਲਾ ਕੀਤਾ ਗਿਆ। ਮੇਲੇ ਦੌਰਾਨ ਜਥੇਦਾਰ ਨਿਸ਼ਾਨ ਸਿੰਘ ਦਿੱਲੀ ਵਾਲਿਆਂ ਨੇ ਜਥੇ ਸਹਿਤ ਦੀਵਾਨ ਸਜਾਉਦਿਆਂ ਸਫਲ ਜੀਵਨ ਜੀਊਣ ਵਾਲੇ ਗੁਰੂ ਪਿਆਰਿਆਂ ਦੀਆਂ ਕਥਾ ਕਹਾਣੀਆਂ ਸੁਣਾਈਆਂ, ਸੰਗਤਾਂ ਨੂੰ ਸਤਿਗੁਰੂ ਜੀ ਦੇ ਹੁਕਮਾਂ ਤੇ ਚੱਲਕੇ ਸਫਲ ਜੀਵਨ ਜੀਊਣ ਲਈ ਪ੍ਰੇਰਿਤ ਕੀਤਾ ਅਤੇ ਮਾਤਾ ਮਹਿੰਦਰ ਕੌਰ ਜੀ ਦੇ ਗੁਰਮੁਖੀ ਜੀਵਨ ਉਤੇ ਭਰਪੂਰ ਚਾਨਣਾ ਪਾਇਆ।

ਪਾਠ ਦੇ ਭੋਗ ਉਪਰੰਤ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਸੰਤ ਹਰਪਾਲ ਸਿੰਘ ਸੇਵਕ ਜੀ ਵੱਲੋਂ ਬੀਬੀ ਜੀ ਨੂੰ ਭਾਵਭਿੰਨੀ ਸ਼ਰਧਾਂਜਲੀ ਭੇਂਟ ਕੀਤੀ ਗਈ ਅਤੇ ਸੰਤ ਅਨੂਪ ਸਿੰਘ ਕਨੇਡਾ ਵੱਲੋਂ ਮਾਂ ਬਾਰੇ ਇਕ ਕਵਿਤਾ ਸੰਗਤਾਂ ਨਾਲ ਸਾਂਝੀ ਕੀਤੀ ਗਈ। ਇਸ ਮੌਕੇ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰਕੇ ਸਤਿਗੁਰੂ ਜੀ ਦੇ ਦਰਸ਼ਨਾਂ ਦਾ ਭਰਪੂਰ ਲਾਭ ਉਠਾਇਆ। ਗੁਰੂ ਕਾ ਲੰਗਰ ਅਟੁੱਟ ਵਰਤਿਆ।

ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥

Smt.Mohinder Kaur
03-12-1933 To 15-11-2019

ਮਾਤਾ ਸੁਰਜੀਤ ਕੌਰ ਸੁਪੱਤਨੀ ਸੰਤ ਜੋਗਿੰਦਰ ਸਿੰਘ ਚੱਕ ਦੇਸਰਾਜ ਜਿਲਾ ਜਲੰਧਰ ਤਕਰੀਬਨ 72 ਸਾਲ ਦੀ ਆਯੂ ਭੋਗ ਕੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ। ਮਾਤਾ ਸੁਰਜੀਤ ਕੌਰ ਦੇ ਪਿਤਾ ਸੰਤ ਊਧਮ ਸਿੰਘ ਜੀ ਪਿੰਡ ਗੜ੍ਹੀ ਮਹਾਂ ਸਿੰਘ ਸਤਿਗੁਰੂ ਜੀ ਦੇ ਚਰਨਾਂ ਦੇ ਪ੍ਰੀਤਵਾਨ ਤੇ ਸੋਧ ਮਰਿਯਾਦਾ ਦੇ ਧਾਰਨੀ ਸਿੱਖ ਸਨ ਜੋ ਲੰਮਾ ਸਮਾਂ ਦੋਆਬੇ ਦੇ ਇਲਾਕੇ ਵਿੱਚ ਲੰਗਰ ਲਈ ਉਗਰਾਹੀ ਦੀ ਸੇਵਾ ਵੀ ਕਰਦੇ ਰਹੇ। ਸੋ ਮਾਤਾ ਸੁਰਜੀਤ ਕੌਰ ਜੀ ਨੂੰ ਗੁਰਸਿੱਖੀ ਜੀਵਨ ਵਿਰਸੇ ਵਿੱਚ ਹੀ ਮਿਲਿਆ ਸੀ। ਆਪ ਜੀ ਦਾ ਸਹੁਰਾ ਪਰਿਵਾਰ ਵੀ ਸੋਧ ਮਰਿਯਾਦਾ ਰੱਖਣ ਵਾਲਾ ਤੇ ਸਤਿਗੁਰੂ ਜੀ ਦੇ ਚਰਨਾਂ ਪ੍ਰਤੀ ਸਮਰਪਿਤ ਪਰਿਵਾਰ ਸੀ। ਆਪ ਜੀ ਦੇ ਸਹੁਰਾ ਸਾਹਿਬ ਸੰਤ ਸਵਰਨ ਸਿੰਘ ਜਿਹਨਾਂ ਨੂੰ "ਭਗੌਤਾ" ਵੀ ਕਹਿੰਦੇ ਸਨ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਨਿੰਨ ਸੇਵਕ ਸਨ ਅਤੇ ਦੇਸ਼ ਦੇ ਵੰਡਾਰੇ ਤੋਂ ਪਹਿਲਾਂ ਸ੍ਰੀ ਭੈਣੀ ਸਾਹਿਬ ਵਿਖੇ ਵੱਡੇ ਲੰਗਰ ਵਿੱਚ ਲੰਗਰ ਬਣਾਉਣ ਦੀ ਸੇਵਾ ਤੇ ਦੁਆਬੇ ਦੇ ਇਲਾਕੇ ਵਿੱਚੋਂ ਲੰਗਰ ਲਈ ਉਗਰਾਹੀ ਕਰਨ ਦੀ ਸੇਵਾ ਵੀ ਕਰਦੇ ਰਹੇ।

ਮਾਤਾ ਸੁਰਜੀਤ ਕੌਰ ਜੀ ਬਹੁਤ ਹੀ ਨਿਮਰ ਸੁਭਾ ਦੇ ਮਾਲਕ ਸਨ ਅਤੇ ਘਰ ਆਏ ਸਿੱਖਾਂ ਸਾਧਾਂ ਦੀ ਸੇਵਾ ਬਹੁਤ ਚਾਅ ਅਤੇ ਸਤਿਕਾਰ ਨਾਲ ਕਰਦੇ ਸਨ। ਖੇਤੀ ਬਾੜੀ ਦੇ ਕਾਰਜ ਵਿੱਚ ਪਰਿਵਾਰ ਦਾ ਪੂਰਾ ਸਾਥ ਦੇਕੇ ਬਹੁਤ ਹੀ ਸੁਖਮਈ ਅਤੇ ਸਬਰ-ਸੰਤੋਖ ਵਾਲਾ ਜੀਵਨ ਜੀਉਂਦਿਆਂ ਉਹਨਾਂ ਨੇ ਆਪਣੇ ਜੀਵਨ ਦਾ ਸਫਰ ਪੂਰਾ ਕੀਤਾ। ਉਹਨਾਂ ਦੇ ਨਮਿੱਤ ਪਾਠ ਦੇ ਭੋਗ ਸਮੇਂ ਜਥੇਦਾਰ ਗੁਰਬਚਨ ਸਿੰਘ ਵੀਰੋਕੇ ਤੇ ਸੂਬਾ ਸੰਦੀਪ ਸਿੰਘ ਜੀ ਨੇ ਗੁਰਬਾਣੀ ਵਿੱਚੋਂ ਬਹੁਤ ਹੀ ਢੁਕਵੇਂ ਪ੍ਰਮਾਣ ਦੇਕੇ ਆਈਆਂ ਸੰਗਤਾਂ ਨੂੰ ਜੀਵਨ ਸਫਲਾ ਕਰਨ ਅਤੇ ਮਾਤਾ ਸੁਰਜੀਤ ਕੌਰ ਜੀ ਵਾਂਗ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਪ੍ਰਤੀ ਸਮਰਪਿਤ ਰਹਿ ਕੇ ਜੀਵਨ ਜੀਊਣ ਲਈ ਪ੍ਰੇਰਿਤ ਕੀਤਾ। ਇਸ ਸਮੇਂ ਪਰਿਵਾਰ 1100/- ਸਤਿਜੁਗ ਲਈ ਸਹਾਇਤਾ ਵੀ ਦਿੱਤੀ ਗਈ।

Sri Satguru Jagjit Singh Ji Elibrary NamdhariElibrary@gmail.com

ਸ੍ਰੀ ਭੈਣੀ ਸਾਹਿਬ ਸ਼ੁੱਧ ਗੁਰਬਾਣੀ ਪਾਠ ਕਲਾਸਾਂ ਲਗਾਤਾਰ ਜਾਰੀ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਾਵਨ ਪਵਿੱਤਰ ਹੁਕਮ ਅਨੁਸਾਰ ਕਿ ਸਾਡੇ ਬੱਚੇ ਇੰਨਜੀਨੀਅਰ ਬਣਨ, ਅਫਸਰ ਬਣਨ, ਪਰ ਨਾਲ ਦੀ ਨਾਲ ਪਾਠੀ, ਜਥੇਦਾਰ ਗੁਰਸਿੱਖ ਜਰੂਰ ਬਣਨ! ਇਸ ਹੁਕਮ ਨੂੰ ਸਾਕਾਰ ਕਰਨ ਵਾਸਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਮਿਤੀ 01-05-2019 ਤੋਂ ਸ਼ੁੱਧ ਗੁਰਬਾਣੀ ਪਾਠ ਦੀਆਂ ਕਲਾਸਾਂ ਅਰੰਭ ਕਰਵਾਈਆਂ ਜੋ ਹੁਣ ਲਗਾਤਾਰ ਜਾਰੀ ਹਨ। ਤਕਰੀਬਨ 7 ਕੁ ਮਹੀਨੇ ਜਿਹੜੇ ਵਿਦਿਆਰਥੀ ਲਗਾਤਾਰ ਕਲਾਸ ਵਿੱਚ ਆਕੇ ਮਿਹਨਤ ਕਰਕੇ ਪਾਠੀ ਬਣੇ ਉਹਨਾਂ ਵਿੱਚ ਗੁਰਪ੍ਰੀਤ ਸਿੰਘ, ਘਨਵੀਰ ਸਿੰਘ, ਰਾਮ ਸਿੰਘ, ਸ਼ਾਮ ਸਿੰਘ, ਤ੍ਰਲੋਚਨ ਸਿੰਘ, ਰਛਪਾਲ ਸਿੰਘ, ਮਨਿੰਦਰ ਸਿੰਘ, ਕਰਮ ਸਿੰਘ ਇਹਨਾਂ ਨੌਜਵਾਨਾਂ ਨੂੰ ਸ੍ਰੀ ਸਤਿਗੁਰੂ ਜੀ ਨੇ ਮਿਤੀ 02-12-2019 ਨੂੰ ਸ੍ਰੀ ਭੈਣੀ ਸਾਹਿਬ (ਹਰੀਮੰਦਰ) ਵਿਖੇ ਦਸ ਦਸ ਹਜ਼ਾਰ ਦੀ ਨਗਦ ਰਾਸ਼ੀ ਦੇ ਕੇ ਨਿਵਾਜਿਆ! ਤੇ ਹੁਕਮ ਕੀਤਾ ਇਹਨਾਂ ਬੱਚਿਆਂ ਨੂੰ ਵੇਖ ਕੇ ਦੂਸਰਿਆਂ ਦਾ ਵੀ ਹੌਂਸਲਾ ਵਧੇਗਾ ਤੇ ਉਹ ਵੀ ਛੇਤੀ ਤੋਂ ਛੇਤੀ ਮਿਹਨਤ ਕਰਕੇ ਪਾਠੀ ਬਣਨਗੇ। ਇਸ ਤੋਂ ਇਲਾਵਾ ਲਗਾਤਾਰ ਕਲਾਸ ਵਿੱਚ ਆ ਰਹੇ ਵਿਦਿਆਰਥੀ ਮੇਵਾ ਸਿੰਘ, ਹਰਨਾਮ ਸਿੰਘ, ਵੀਰ ਸਿੰਘ, ਵਰਿੰਦਰ ਸਿੰਘ, ਸਰਬਜੀਤ ਸਿੰਘ, ਕਸ਼ਮੀਰ ਸਿੰਘ ਆਦਿਕ ਵੀ ਪੂਰੀ ਮਿਹਨਤ ਕਰਕੇ ਪਾਠੀ ਬਣਨ ਦੀ ਕੋਸ਼ਿਸ਼ ਕਰ ਰਹੇ ਹਨ। **ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਉਪਦੇਸ਼ ਦਿੱਤਾ-**

ਜਿੰਨਾਂ ਦੀ ਕਿਰਪਾ ਨਾਲ ਇਹ ਸਿੱਖੀ ਜਿਊਂਦੀ ਹੈ ਜਿੰਨਾ ਦੀ ਕਿਰਪਾ ਨਾਲ ਨਾਮ ਨਾਲ ਜੁੜੇ ਹਾਂ ਗੁਰਬਾਣੀ ਨਾਲ ਜੁੜੇ ਹਾਂ।ਉਹਨਾਂ ਪਾਤਸ਼ਾਹ ਦੇ ਚਰਨਾਂ ਵਿਚ ਸਿਰ ਝੁਕਾਉਂਦੇ ਹੋਏ ਇਕ ਵਾਰੀ ਆਖੀਏ ਧੰਨ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ।

**ਸਾਧ ਸੰਗਤ ਜੀ ਇਹ ਮਹਿਸੂਸ ਹੁੰਦਾ ਸੀ ਕਿ ਆਪਣੇ ਵਿੱਚ ਪਾਠੀ ਘੱਟਦੇ ਜਾਂਦੇ ਹਨ। ਸੱਚੇ ਪਾਤਸ਼ਾਹ ਜੀ ਦਾ ਉਪਦੇਸ਼ ਸੁਣੋ ਬਹੁਤ ਵਾਰੀ ਹੁਕਮ ਕੀਤਾ ਹੈ ਕਿ ਹਰ ਘਰ ਪ੍ਰਤੀ ਇਕ ਪਾਠ ਮਹੀਨੇ ਦਾ ਹੋਇਆ ਕਰੇ। ਪਰ ਹੁਣ ਇਸ ਤਰ੍ਹਾਂ ਹੁੰਦਾ ਜਾਂਦਾ ਸੀ ਕਿ ਸਾਨੂੰ ਪਾਠੀ ਲੱਭਣਗੇ ਹੀ ਨਹੀਂ। ਸਿੱਖੀ ਅਸੂਲ ਹੀ ਇਹ ਹੈ ਕਿ ਅਸੀਂ ਆਪਣੇ ਪਾਠ ਆਪ ਕਰੀਏ ਇਹ ਨਾ ਹੋਵੇ ਕਿ ਅਸੀਂ ਪਾਠ ਮੁੱਲ ਲੈ ਲੈ ਕੇ ਕਰਾ ਲਈਏ। ਉਹ ਸੁਆਦ ਨਹੀਂ ਆਉਂਦਾ ਉਹ ਸਿੱਖੀ ਦਾ ਅਸੂਲ ਨਹੀਂ। ਇਹ ਸੋਚਕੇ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਨੇ ਸਿੱਖੀ ਨਹੀਂ ਸੀ ਬਣਾਈ, ਘਰ-ਘਰ ਪਾਠੀ ਹੋਈਏ। ਉਹਦੇ ਵਾਸਤੇ ਅਸੀਂ ਜਿੰਨਾ ਕੁ ਹੋ ਸਕਦਾ ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਸ਼ੁਰੂ ਕੀਤਾ ਹੈ ਇਹ ਸਾਰੇ ਸੱਚੇ ਪਾਤਸ਼ਾਹ ਦੇ ਸਿੱਖ ਬੜੀ ਮਦਦ ਕਰਦੇ ਹਨ। ਗੁਰਸੇਵਕ ਸਿੰਘ, ਸ਼ਾਮ ਸਿੰਘ, ਅਮਰੀਕ ਸਿੰਘ ਹੋਰ ਜਿਹੜੇ-ਜਿਹੜੇ ਵੀ ਜਾਂਦੇ ਨੇ ਬੜੀ ਹੀ ਮਿਹਨਤ ਕਰਦੇ ਹਨ। ਬੀਬੀਆਂ ਨੇ ਵੀ ਅੱਗੇ ਬੜੀ ਮਿਹਨਤ ਕੀਤੀ ਹੈ। ਹੁਣ ਸ਼ਾਇਦ ਬੀਬੀਆਂ ਨੇ ਪਾਠ ਕਰਨਾ ਬੰਦ ਕੀਤਾ ਹੋਇਆ। ਉਹਨਾਂ ਕੋਲ ਵੀ ਅਰਜ਼ ਬੇਨਤੀ ਹੈ ਕਿ ਉਹ ਵੀ ਦੁਬਾਰਾ ਫਿਰ ਸ਼ੁਰੂ ਕਰਨ ਤਾਂ ਕਿ ਕੁੜੀਆਂ ਵੀ ਪਾਠ ਸਿੱਖਣ ਇਸ ਤਰ੍ਹਾਂ ਹੀ। ਮੈਂ ਅੱਗੇ ਵੀ ਅਰਜ਼ ਬੇਨਤੀ ਕਰਨਾ ਚਾਹਾਂਗਾ ਕਿ ਭੈਣੀ ਸਾਹਿਬ ਵਿਚ ਵੀ ਕੋਈ ਵੀ ਬੱਚਾ ਨਾ ਹੋਵੇ ਜਿਹੜਾ ਪਾਠੀ ਨਾ ਹੋਵੇ। ਇਹ ਮੈਂ ਮਹਿਸੂਸ ਕੀਤਾ ਹੈ ਕਿ ਜਿਹਨੂੰ ਚੰਗੀ ਤਰ੍ਹਾਂ ਪੰਜਾਬੀ ਆਉਂਦੀ ਹੈ ਉਹ ਇਕ ਦੋ ਮਹੀਨੇ ਵਿਚ ਪਾਠੀ ਬਣ ਸਕਦੇ ਹਨ। ਬਹੁਤ ਟਾਇਮ ਨਹੀਂ ਲੱਗਦਾ। ਕਿਉਂਕਿ ਜਿਹਨੂੰ ਗੁਰਮੁਖੀ ਪੜ੍ਹਨੀ ਆਉਂਦੀ ਹੈ ਉਹਦੇ ਵਾਸਤੇ ਪਾਠ ਸਿੱਖਣਾ ਕੋਈ ਮੁਸ਼ਕਿਲ ਨਹੀਂ। ਇਕ ਵਾਰੀ ਤੁਸੀਂ ਸੰਥਿਆ ਲੈ ਕੇ ਪਾਠ ਕਰ ਲਵੋ ਬਾਅਦ ਵਿਚ ਤੁਹਾਡਾ ਆਪਣਾ ਅਭਿਆਸ ਹੈ ਤੁਸੀਂ ਪਾਠ ਕਰ ਸਕਦੇ ਹੋ। ਫਿਰ ਛੋਟਾ ਜੇਹਾ ਨਿਯਮ ਬਣਾ ਲਵੋ ਬਹੁਤਾ ਟਾਇਮ ਨਹੀਂ ਲੱਗਦਾ। ਪੰਜ ਪੱਤਰੇ ਕਰ ਲਵੋ, ਦਸ ਪੱਤਰੇ ਕਰ ਲਵੋ ਇਹਨਾਂ ਕੁ ਰੋਜ ਕਰ ਲਵੋ ਪੰਜ ਪਤਰੇ ਕਰਨ ਨੂੰ 15 ਮਿੰਟ ਲੱਗ ਜਾਣਗੇ। ਅੱਧਾ ਘੰਟਾ ਪੰਦਰਾਂ ਮਿੰਟ ਕੱਢ ਕੇ ਰੋਜ਼ ਪਾਠ ਕਰ ਲਵੋ। ਆਪਾਂ ਸਾਰੇ ਹੀ ਇਥੇ ਪਾਠੀ ਬਣ ਜਾਵਾਂਗੇ, ਭਾਵੇਂ ਜਿੰਨੇ ਮਰਜ਼ੀ ਆਪਾਂ ਪਾਠ ਕਰ ਲਈਏ। ਉਸ ਤੋਂ ਅਗਲੀ ਚੀਜ਼ ਹੈ ਇਕ ਨਾਮਧਾਰੀਆਂ ਵਿਚ ਜਾਂ ਕੁਝ ਨਿਹੰਗ ਸੰਪ੍ਰਦਾਵਾਂ ਵਿਚ ਇਹ ਰਹਿ ਗਿਆ ਹੈ ਕਿ ਉਹੀ ਸਤਿਕਾਰ ਜੋ ਆਪਾਂ ਆਦਿ ਗੁਰੂ ਗ੍ਰੰਥ ਸਾਹਿਬ ਨੂੰ ਦਿੰਦੇ ਹਾਂ ਉਹੀ ਸਤਿਕਾਰ ਦਸਮ ਗੁਰੂ ਗ੍ਰੰਥ ਸਾਹਿਬ ਨੂੰ ਦੇਣਾ। ਆਪਣੇ ਦਸਮ ਗ੍ਰੰਥ ਸਾਹਿਬ ਦੇ ਪਾਠੀ ਬਹੁਤ ਘੱਟ ਰਹਿ ਗਏ ਹਨ। ਹੁਣ ਨਾਲ ਨਾਲ ਆਪਾਂ ਇਹ ਵੀ ਕਰੀਏ ਕਿ ਜਿਹੜੇ ਆਦਿ ਗ੍ਰੰਥ ਸਾਹਿਬ ਦੇ ਪਾਠੀ ਹੋ ਗਏ ਹਨ। ਉਹ ਦਸਮ ਗ੍ਰੰਥ ਦਾ ਵੀ ਪਾਠ ਸਿੱਖਣ ਤਾਂ ਕਿ ਜੋ ਆਪਣੇ ਨਾਲ ਨਾਮ ਲੱਗਦਾ ਹੈ ਆਪਾਂ ਇਹ ਚੀਜ਼ ਸਾਂਭੀਏ, ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਦੇ ਹੁਕਮ 'ਚ ਵੀ ਹੈ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਨੇ ਵੀ ਹੁਕਮ ਕੀਤਾ ਹੈ ਤਾਂ ਕਿ ਦਸਮ ਗ੍ਰੰਥ ਦੇ ਪਾਠ ਵੀ ਉਸੇ ਤਰ੍ਹਾਂ ਹੁੰਦੇ ਰਹਿਣ ਜਿਸ ਤਰ੍ਹਾਂ ਆਦਿ ਗ੍ਰੰਥ ਸਾਹਿਬ ਦੇ ਪਾਠ ਹੁੰਦੇ ਹਨ। ਇਸ ਤੋਂ ਬਾਅਦ ਆਪਾਂ ਦਸਮ ਗ੍ਰੰਥ ਦੇ ਪਾਠ ਵੀ ਸ਼ੁਰੂ ਕਰਨੇ ਹਨ ਬੀਬੀਆਂ ਨੇ ਵੀ, ਸਿੰਘਾਂ ਨੇ ਵੀ। ਇਹਦੇ ਨਾਲ-ਨਾਲ ਇਹ ਵੀ ਕੋਸ਼ਿਸ਼ ਕੀਤੀ ਹੈ ਕਿ ਬਾਕੀ ਜਗ੍ਹਾ ਜਾ ਕੇ ਵੀ ਪਾਠ ਕਰਾਏ ਜਾਣ, ਅਲੱਗ-ਅਲੱਗ ਥਾਂ ਇਹ ਜਾਂਦੇ ਹਨ ਤਾਂ ਕਿ ਸਾਰੀ ਥਾਈਂ ਹੀ ਪਾਠੀ ਬਣਦੇ ਰਹਿਣ, ਪਾਠ ਚੱਲਦਾ ਰਹੇ। ਜਿਹੜੀ

Sri Satguru Jagjit Singh Ji Elibrary NamdhariElibrary@gmail.com

ਗੁਰਸੇਵਕ ਸਿੰਘ ਨੇ ਗੱਲ ਕੀਤੀ ਸੀ ਤੁਹਾਡੇ ਇਥੇ ਤੇ ਨਹੀਂ ਮੁਸ਼ਕਿਲ ਪਰ ਜਿਥੇ ਵੀ ਹੈਗੀ ਹੈ ਕਿ ਆਪਾਂ ਗੁਰਮੁਖੀ ਪੜਣੀ ਵੀ ਜ਼ਰੂਰ ਸਿਖੀਏ। ਪੰਜਾਬੀ ਆਪਾਂ ਬੋਲਦੇ ਹਾਂ ਘਰਾਂ ਵਿਚ, ਠੀਕ ਹੈ। ਗੁਰਮੁਖੀ ਪੜ੍ਹਨੀ ਵੀ ਜ਼ਰੂਰ ਸਿੱਖੀਏ। ਸੋ ਇਹ ਅਰਜ਼ ਬੇਨਤੀ ਹੈ ਖਾਸ ਕਰਕੇ ਜਿਹੜੇ ਇਥੇ ਆਏ ਹਨ, ਜਿਹੜੇ ਬਹੁਤ ਸਾਰੇ ਨਹੀਂ ਵੀ ਆਏ, ਭੈਣੀ ਸਾਹਿਬ ਵਿਚ ਸਾਰਿਆਂ ਨੂੰ ਅਰਜ਼ ਬੇਨਤੀ ਕਰੋ ਕਿ ਪਾਠ ਸਾਰੇ ਕਰਿਆ ਕਰਨ। ਇਹ ਜਿਹੜਾ ਵੀ ਤਿੱਲ ਫੁੱਲ ਹੈ ਇਹ ਇਸ ਕਰਕੇ ਹੈ ਕਿ ਇਹਨਾਂ ਦਾ ਹੌਂਸਲਾ ਵਧੇ, ਇਹਨਾਂ ਨੂੰ ਦੇਖ ਕੇ ਹੋਰ ਵੀ ਪਾਠ ਸਿੱਖਣ ਲੱਗਣ। ਇੰਨੀ ਅਰਜ਼ ਕਰਕੇ ਆਗਿਆ ਲੈਂਦਾ ਹਾਂ।

ਸਤਿ ਸ੍ਰੀ ਅਕਾਲ॥

ਸੰਤ ਹਰਭਜਨ ਸਿੰਘ ਜੀ ਔਰੰਗਾਬਾਦ ਦਾ ਭੋਗ

ਸੇਠ ਹਰਭਜਨ ਸਿੰਘ ਜੀ (ਔਰੰਗਾਬਾਦ ਵਾਲੇ) ਤਿਨ ਗੁਰੂ ਸਾਹਿਬਾਨਾਂ 'ਤੇ ਪੂਰਨ ਸ਼ਰਧਾ ਅਤੇ ਸਤਿਕਾਰ ਭਰਿਆ ਸਿੱਖੀ ਜੀਵਨ ਨਿਰਵਾਹ ਕਰਕੇ, 11 ਨਵੰਬਰ 2019 ਨੂੰ ਗੁਰੂ ਚਰਣਾਂ ਵਿਚ ਜਾ ਬਿਰਾਜੇ।

ਨਾਮਧਾਰੀ ਪੰਥ ਨਾਲ ਜੁੜਿਆ ਸ਼ਾਇਦ ਹੀ ਕੋਈ ਸਰੀਰ ਹੋਵੇ, ਜੋ ਸੇਠ ਜੀ ਦੀ ਮਿਲਾਪੜੀ ਅਤੇ ਸਰਵ ਪੱਖੀ ਸਹਿਯੋਗੀ ਸਖਸ਼ੀਅਤ ਤੋਂ ਜਾਣੂ ਨਾ ਹੋਵੇ। ਪਹਿਲਾਂ ਲਖਨਊ ਅਤੇ ਫੇਰ ਮਹਾਰਾਸ਼ਟਰ ਦੇ ਔਰੰਗਾਬਾਦ ਜਾ ਵਸੇ, ਇਸ ਕਰਮਯੋਗੀ ਦੀ ਸਤਿਗੁਰੂ ਅਤੇ ਸਿੱਖੀ ਲਈ ਪ੍ਰਤੀਬੱਧਤਾ ਇਕ ਨਿਵੇਕਲਾ ਪ੍ਰਮਾਣ ਹੈ। ਔਰੰਗਾਬਾਦ ਦੇ ਫਾਰਮ ਹਾਊਸ ਵਿਚ, "ਸ੍ਰੀ ਰਾਮ ਹਰੀ ਮੰਦਿਰ" (ਗੁਰਦੁਆਰਾ), ਸੰਪਰਦਾਇਕ ਸਦਭਾਵਨਾ, ਸਾਂਝੀ ਵਾਲਤਾ ਅਤੇ ਸਮਾਜਕ ਸਮਰਸਤਾ ਦਾ ਦੁਰਲੱਭ ਪ੍ਰਤੀਕ ਹੈ। ਇਥੇ ਸਾਰੇ ਸਤਿਗੁਰੂ ਸਾਹਿਬਾਨਾਂ ਦੇ ਨਾਲ ਭਗਤ ਨਾਮਦੇਵ ਜੀ, ਸੰਤ ਗਿਆਨੇਸ਼ਵਰ, ਸੰਤ ਤੁਕਾ ਰਾਮ, ਭਗਤ ਸਾਬਤਾ ਮਾਲੀ ਜੀ ਅਤੇ ਛਤ੍ਰਪਤੀ ਸ਼ਿਵਾ ਜੀ ਦੀ ਤਸਵੀਰ ਵੀ ਸੁਸ਼ੋਭਿਤ ਹੈ। ਬਸੰਤ, ਜਪ ਪ੍ਰਯੋਗ ਅਤੇ ਗੁਰੂਆਂ ਦੇ ਪੁਰਬ ਦੇ ਨਾਲ-ਨਾਲ ਰਾਮਨਵਮੀ, ਜਨਮ ਅਸਟਮੀ ਅਤੇ ਹੋਲੀ ਦੁਸ਼ਹਿਰਾ ਜਿਹੇ ਤਿਉਹਾਰ ਸੇਠ ਜੀ ਸਥਾਨਕ ਲੋਕਾਂ ਨਾਲ ਰਲ-ਮਿਲ ਕੇ ਉਤਸ਼ਾਹ ਪੂਰਵਕ ਮਨਾਉਂਦੇ ਸਨ।

ਪੰਜਾਬ ਤੋਂ ਤਕਰੀਬਨ ਡੇਢ ਹਜਾਰ ਕਿਲੋਮੀਟਰ ਦੂਰ ਸਫੈਦ ਟੋਪੀ ਧਾਰੀ ਮਰਾਠੀ ਬੱਚਿਆਂ ਨੂੰ ਢੋਲਕੀ ਛੈਣਿਆਂ ਨਾਲ ਆਸਾ ਦੀ ਵਾਰ ਦਾ ਕੀਰਤਨ ਕਰਦਿਆਂ ਨਾਮਧਾਰੀ ਜਥੇਦਾਰਾਂ ਦੀ ਸ਼ੈਲੀ ਵਿਚ ਇਕ ਹੱਥ ਕੰਨ੍ਹ ਤੇ ਅਤੇ ਦੂਜਾ ਹੱਥ ਉਪਰ ਚੁੱਕਿ "ਤੇਰੀ ਹੋ ਰਹੀ ਜੈ ਜੈ ਕਾਰ ਚੀਨੀ ਵਾਲੇ ਪਾਤਸ਼ਾਹ ਜੀ" ਗਾਉਂਦੇ ਵੇਖਦੇ ਤਾਂ ਇਨ੍ਹਾਂ ਬਚਿਆਂ ਦੇ ਸਿੱਖਿਅਕ, ਬਾਬੂ ਜੀ (ਸੇਠ ਜੀ) ਪ੍ਰਤੀ ਸ਼ਰਧਾ ਅਤੇ ਸਨਮਾਨ ਨਾਲ ਸਿਰ ਝੁਕ ਜਾਂਦਾ।

ਖਬਰ ਆਈ .... ਭੈਣੀ ਸਾਹਿਬ ਤੋਂ ਬਹੁਤ ਦੂਰ .... ਨਾਮਧਾਰੀਅਤ ਦਾ ਇਹ ਬਲਦਾ ਦੀਵਾ ਬੁੱਝ ਗਿਆ ਹੈ। ਪੰਥ ਪ੍ਰਚਾਰ ਹਿਤ, ਆ ਜੀਵਨ ਭਖਦੇ ਸੂਰਜ ਦਾ ਅਵਸਾਨ ਹੋ ਗਿਆ।

17 ਨਵੰਬਰ 2019, ਦਿਨੇ 10 ਤੋਂ 12 ਵਜੇ ਤੱਕ ਭੋਗ ਦਾ ਸਮਾਂ ਨਿਰਧਾਰਤ ਹੋਇਆ। ਹਜੂਰ ਪਾਤਸ਼ਾਹ ਜੀ ਤੜਕੇ ਬੰਗਲੌਰ ਤੋਂ ਹਵਾਈ ਜਹਾਜ਼ ਰਾਹੀਂ ਪੂਨਾ ਅਤੇ ਫੇਰ ਕਾਰ ਰਾਹੀਂ ਪੂਨਾ ਤੋਂ ਔਰੰਗਾਬਾਦ ਪੁੱਜੇ। ਫਾਰਮ ਹਾਊਸ ਦੀ ਖੁੱਲ੍ਹੀ ਥਾਂ ਤੇ ਸਫੈਦ ਸ਼ਾਮਿਆਨੇ ਹੇਠ, ਸਫੈਦ ਚਾਦਰਾਂ ਤੇ ਸੱਜੀ ਕੁਰਸੀ ਤੇ ਸਤਿਗੁਰੂ ਜੀ ਬਿਰਾਜਮਾਨ ਹੋਏ। ਵਾਰੋ ਵਾਰੀ ਮੱਥਾ ਟੇਕ ਸੰਗਤ ਸਾਮ੍ਹਣੇ ਸਜ ਗਈ। ਸ੍ਰੀ ਸਤਿਗੁਰੂ ਜੀ ਨੇ ਸੇਠ ਜੀ ਦੇ ਘਰੋਂ ਬੀਬੀ ਵਸ਼ਿੰਦਰ ਕੋਰ ਜੀ ਨੂੰ ਹੌਂਸਲਾ ਦਿੱਤਾ, ਵੱਡੇ ਪੁੱਤਰ ਸ. ਗੁਰਮੀਤ ਸਿੰਘ ਅਤੇ ਫੇਰ ਸੇਠ ਜੀ ਦੇ ਛੋਟੇ ਪੁੱਤਰ ਰਵਿੰਦਰਪਾਲ ਸਿੰਘ, ਗੁਰਪ੍ਰੀਤ ਸਿੰਘ ਚਾਰੇ ਨੂੰਹਾਂ, ਬੱਚਿਆਂ ਨਾਲ, ਫੇਰ ਸੇਠ ਜੀ ਦੇ ਦੋਵੇਂ ਭ੍ਰਾਤਾ, ਹਰਮੀਤ ਸਿੰਘ, ਸਰਬਜੀਤ ਸਿੰਘ ਸਭ ਨਾਲ, ਸੇਠ ਜੀ ਦੇ ਵਿਛੋੜੇ ਤੋਂ ਹੋਏ ਪ੍ਰਵਾਰਕ ਅਤੇ ਪੰਥਕ ਘਾਟੇ ਪ੍ਰਤੀ ਸੰਵੇਦਨਾ ਪ੍ਰਗਟ ਕੀਤੀ ਅਤੇ ਸੇਠ ਜੀ ਦੁਆਰਾ ਸਿਰਜੇ ਸਿੱਖੀ ਮਾਰਗ ਤੇ ਤੁਰਨ ਦਾ ਉਪਦੇਸ਼ ਵੀ ਦਿੱਤਾ।

ਮਿਥੇ ਸਮੇਂ ਅਨੁਸਾਰ ਪਹਿਲਾਂ ਕਥਾਵਾਚਕ ਸੰਤ ਯਾਦਵਿੰਦਰ ਸਿੰਘ ਹੁਰਾਂ, ਧਾਰਮਿਕ ਪ੍ਰਸੰਗਾਂ ਸਹਿਤ ਸੇਠ ਜੀ ਪ੍ਰਤੀ ਸਤਿਕਾਰ-ਸ਼ਰਧਾਂਜਲੀ ਦਿੱਤੀ। ਉਪਰੰਤ ਦਾਸ (ਗੁਰੂ ਬਚਨ ਸਿੰਘ, ਚੰਡੀਗੜ) ਨੇ ਸੇਠ ਜੀ ਨਾਲ ਜੁੜੀਆਂ ਸਮ੍ਰਿਤੀਆਂ ਦੀਆਂ ਸਮੁੰਦਰੀ ਛੱਲਾਂ ਨਾਲ ਸੰਗਤ ਨੂੰ ਸਰਾਬੋਰ ਕੀਤਾ। ਹਜੂਰੀ ਰਾਗੀ ਘੁੱਲਾ ਜੀ, ਸਰਮੁਖ ਸਿੰਘ ਨੇ ਤੰਤੀ ਸਾਜਾਂ ਨਾਲ ਵਿਰਾਗਮਈ ਗੁਰਬਾਣੀ ਸ਼ਬਦਾਂ ਦਾ ਰਸਭਿੰਨਾ ਕੀਰਤਨ ਕੀਤਾ। ਤਬਲੇ ਤੇ ਅਜੈਪਾਲ ਸਿੰਘ ਨੇ ਬਹੁਤ ਸੋਹਣਾ ਰੰਗ ਬੰਨ੍ਹਿਆ। ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਰਾਹੀਂ ਆਪਣੇ ਪਿਆਰੇ ਸਿੱਖ ਪ੍ਰਤੀ ਸਨੇਹ ਦਾ ਪ੍ਰਗਟਾਵਾ ਕੀਤਾ ਅਤੇ ਉਨ੍ਹਾਂ ਦੇ ਆਦਰਸ਼ ਜੀਵਨ ਤੋਂ ਪ੍ਰੇਰਣਾ ਲੈਣ ਦਾ ਸੰਦੇਸ ਵੀ ਦਿੱਤਾ। ਅੰਤ, ਸਹਿਜ ਪਾਠਾਂ ਦੇ ਭੋਗ ਪਾਉਣ ਉਪਰੰਤ ਅਰਦਾਸ ਕੀਤੀ ਗਈ।

-ਗੁਰੂਬਚਨ ਸਿੰਘ

Sri Satguru Jagjit Singh Ji Elibrary NamdhariElibrary@gmail.com

Sangeet Saroop Satguru

27 November 2019 three months exactly after the first screening of 'Sangeet Saroop Satguru' in Mumbai - the documentary series based on the Musical Journey of Satguru Jagjit Singh Ji was released by Satguru Uday Singh Ji at the Siri Fort Auditorium, New Delhi in the presence of the doyens of Indian Classical Music Ut Amjad Ali Khan (Sarod), Pt Birju Maharaj (noted Kathak Dancer), Pt Sajan Mishra (noted Vocalist), Pt Rama Kant (Tabla Teacher), Ut Harbhajan Singh (Raagi and Sitar player) and Ut_____. All of whom have been the recipients of Satguru Jagjit Singh Ji's blessings in their careers and personal lives.

Speaking on the occasion Satguru ji said that it is difficult to enumerate Satguru Jagjit Singh Ji's journey in a few hours, but the effort is to preserve and bring forth the musical journey of Satguru ji for the future generations. Ut Amjad Ali Khan reminisced about Satguru Jagjit Singh ji and how the Namdhari community came to the fore in the Indian Classical Music circles and today people looked unto them. This was only possible due to the efforts of Satguru Jagjit Singh Ji and the continuing efforts of Satguru Uday Singh Ji now.

Pt Birju Maharaj and Pt Sajan Mishra who perhaps had a very long and continuous relationship with Satguru Jagjit Singh Ji spoke about the role Satguru ji played in their lives and how they felt his blessings even today. They reiterated their support for the Namdhari community and requested Satguru ji to send more students to them so that they continue the tradition of sharing and imparting their knowledge among the new generation of students.

The artists present were honoured by Satguru ji with a memento, shawl, book on Satguru Jagjit Singh Ji along with a special commemorative gold coin.

Taranjiet Singh Namdhari, Director of the documentary informed the gathering about the making of the documentary, how it had taken more than a decade to finish, how he along with his team in Mumbai went over more than 1000 hours of material, restoring and archiving both audio and videos received from Sri Bhaini Sahib. He thanked Satguru Uday Singh Ji and the artists present for their support in granting their interviews. Special mention was made of Raagi Balwant Singh and the team at Sri Bhaini Sahib in their support of identifying and sourcing material.

The hall reverberated with the voice of Satguru Jagjit Singh Ji as the packed 400 capacity auditorium watched spellbound the theatrical version of two and half hours. Not a soul moved and every eye was moist towards the end, illustrating how loved Satguru ji was within the community. Through out the screening it was as if one was sitting in the presence of Satguru ji. Speaking to the Raagi's present Pt Sajan Mishra said that he was drawn so much by the documentary that time stood still and he felt as if he was participating in a baithak with Satguru ji.

Sri Satguru Jagjit Singh Ji Elibrary NamdhariElibrary@gmail.com

Immediately after the screening the Documentary series was made available online. Five episodes that tell the story of Satguru Jagjit Singh Ji from 1920 to 2012.

Episode# 1 Lakshan | Sadhana | Sargam
Inheriting the love for music from His father Satguru Partap Singh Ji and trained by seers of Indian Classical Music from the Talwandi Gharana as well as traditional Rababi's (Rebeck players and singers) from Amritsar and several other luminaries. Lakshan - explores Satguru Jagjit Singh Ji's musical journey from the years of 1920 to 1947, Sadhana from 1959 to 1967 and Sargam from 1967 to 1980.

Episode # 2 Sur | Taal | Laya
The Seventies and the Eighties witnessed the emergence of Satguru ji as an accomplished musician. His mastery of cadence, play of rhythmic cycles both in singing and in playing the Dilruba and the Tarab astounded many a maestro. The ease with which He composed, sang and performed complex measures became His hallmark and the music sittings legendary.

Episode # 3 Sthaii | Antara
Satguru Ji believed that learning classical music everyday instils a certain discipline and focus, which is necessary right from childhood. He made it compulsory for all children to learn music. From Ut Bismillah Khan, Pt Kishan Maharaj and Ut Vilayat Khan to Ut Amjad Ali Khan, the tradition has attracted many a music maestro to Bhaini Sahib to impart their knowledge to the children.

Episode # 4 Abhog | Sanrakshan
The tradition of learning classical music now travels to the UK, US, Canada, Thailand and Africa, and now includes girls and women. With students lining up to become a part of this revolution, Satguru ji focuses on the revival and safeguard of traditional compositions and lost Raagas. Forgotten instruments are also revived and an effort is made to locate forgotten musicians and their families

Episode # 5 Meend | Ardh Viraam
At the turn of the millennium Satguru Ji's health takes a serious turn and travel is reduced, however the long-standing relationship with music through sittings with the students as well as the doyens of Indian Classical Music continue to flourish. It is not easy as He experiences 3 strokes, time and again music is His antidote and healing, continuing to sing and participate till the very end

The documentary series is available for viewing with English subtitles in:

1. India, Canada, Australia, New Zealand, UAE, Oman, Africa, Thailand, Ireland and rest of world through www.sribhainsahib.com on www.vimeo.com/ondemand/sangeetsaroopsatgur for $4.99 per month of unlimited streaming
2. UK and USA free with Amazon Prime

-Taranjit singh

Sri Satguru Jagjit Singh Ji Elibrary NamdhariElibrary@gmail.com

ਭਾਰਤ ਵਿਕਾਸ ਪ੍ਰੀਸ਼ਦ ਵਲੋਂ: ਉੱਤਰ ਖੇਤਰ ਅਧਿਵੇਸ਼ਨ ਸ੍ਰੀ ਭੈਣੀ ਸਾਹਿਬ

24 ਨਵੰਬਰ 2019 ਸ੍ਰੀ ਸਤਿਗੁਰੂ ਜੀ ਸੋਵੀਨਰ ਰਿਲੀਜ਼ ਕਰਦੇ ਹੋਏ।

ਸ਼ਹੀਦੀ ਮੇਲਾ: ਲੁਧਿਆਣਾ 26 ਨਵੰਬਰ 2019
ਅਤੇ ਦ੍ਰੀ ਸਤਿਗੁਰੂ ਜੀ ਲੁਧਿਆਣਾ ਦੀ ਸਾਧ ਸੰਗਤ ਤੇ ਬਖਸ਼ਿਸ਼ ਕਰਦੇ ਹੋਏ।

ਸ੍ਰੀ ਸਤਿਗੁਰੂ ਜੀ ਨਾਲ
ਸੂਬਾ ਗੁਰਦਿਆਲ ਸਿੰਘ ਜੀ ਪ੍ਰਵਾਰ ਸਹਿਤ

ਤਰਨ ਸਿੰਘ ਸਪੁੱਤਰ ਤਰਸੇਮ ਸਿੰਘ,ਸਪੁੱਤਰ ਕਿਰਪਾਲ ਸਿੰਘ ਚਾਨਾ
ਦਸਤਾਰ ਬੰਦੀ ਤੋਂ ਬਾਅਦ ਨਿਵਾਜਦੇ ਹੋਏ,
29 ਅਗਸਤ 2019, ਸਾਊਥਹਾਲ, ਇੰਗਲੈਂਡ

Date of Publication:8-1-2020,
Date of Posting: 9-10 Jan.2020

RNI NO. 55658/93 Delhi Postal Regd. No. DL(W)
01/2055/18-20

ਸ਼ਹੀਦੀ ਮੇਲਾ ਮਲੇਰਕੋਟਲਾ
17-18 ਜਨਵਰੀ 2020 (੪-੫ ਮਾਘ ੨੦੭੫)

ਸ਼ਹੀਦੀ ਸਮਾਰਕ ਮਲੇਰਕੋਟਲਾ ਵਿਖੇ ਮਨਾਇਆ ਜਾ ਰਿਹਾ ਹੈ

ਅਤੇ

ਮੇਲਾ ਬਸੰਤ ਪੰਚਮੀ
(ਪ੍ਰਕਾਸ਼ ਪੁਰਬ ਸ੍ਰੀ ਸਤਿਗੁਰੂ ਰਾਮ ਸਿੰਘ ਜੀ)

30 ਜਨਵਰੀ 2020 (੧੭ ਮਾਘ ੨੦੭੫) ਨੂੰ
ਸ੍ਰੀ ਭੈਣੀ ਸਾਹਿਬ ਮਨਾਇਆ ਜਾਵੇਗਾ।
ਇਹ ਮੇਲੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮਨਾਏ ਜਾਣਗੇ।

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.

Sri Satguru Jagjit Singh Ji Elibrary NamdhariElibrary@gmail.com